# ਬਾਬਾ ਠਾਕੁਰ ਸਿੰਘ ਜੀ
# ਦੇ ਜੀਵਨ ਦੀਆਂ ਝਲਕੀਆਂ



# ਬਾਬਾ ਠਾਕੁਰ ਸਿੰਘ ਜੀ (੧੯੧੫-੨੦੦੪)
# ਦੇ ਜੀਵਨ ਦੀਆਂ ਝਲਕੀਆਂ



ਇਹ ਬਾਬਾ ਠਾਕੁਰ ਸਿੰਘ ਜੀ ਦਾ ਸੰਖੇਪ ਸਚਿੱਤਰ ਜੀਵਨ, ਬਾਬਾ ਜੀ ਦੀ ਮਹਾਨਤਾ ਤੇ ਰੋਸ਼ਨੀ ਪਾਉਣ ਦੀ ਯਤਨ ਵਿਚ ਲਿਖਿਆ ਗਇਆ ਹੈ। ਇਹ ਨਿਮਾਣਾ ਯੱਤਨ ਸੰਗਤਾਂ ਨੂੰ ਪੇਸ਼ ਕੀਤਾ ਗਇਆ ਹੈ - ਆਸ ਹੈ ਕਿ ਸੰਗਤਾਂ ਦਾਸ ਦੀ ਕੋਸ਼ਿਸ਼ ਨੂੰ ਸਵੀਕਾਰ ਕਰਨਗੀਆਂ, ਅਤੇ ਇਸ ਜੀਵਨੀ ਨੂੰ ਪੜ੍ਹਕੇ ਆਤਮਿਕ ਲਾਭ ਪ੍ਰਾਪਤ ਕਰਨਗੀਆਂ।

ਦਾਸ ਤੋ ਲਿਖਾਈ ਵਿੱਚ ਕੋਈ ਊਣਤਾਂ ਰਹਿ ਗਈ ਹੋਵੈ ਤਾਂ ਦਾਸ ਮਾਫੀ ਦਾ ਪਾਤਰ ਹੈ। ਪਾਠਕਾ ਨੂੰ ਬੇਨਤੀ ਹੈ ਕਿ ਇਸ ਜੀਵਨੀ ਨੂੰ ਹੋਰ ਸੁੰਦਰ ਬਣਉਣ ਲਈ ਆਪ ਜੀ ਨੇ ਦਾਸ ਨਾਲ ਸੰਪਰਕ ਕਰਕੇ ਸਾਨੂੰ ਹੋਰ ਬਾਬਾ ਜੀ ਦੇ ਜੀਵਨ ਦੀਆਂ ਘਟਨਾਂਵਾ ਨਾਲ ਜਾਨੂ ਕਰਵਾ ਦੇਣਾ, ਜੋ ਕਿ ਅਗਲੇ ਐਡੀਸ਼ਨ ਵਿੱਚ ਦਰਜ ਕੀਤੇ ਜਾਣ।

ਦਾਸ,
ਹਰਜਿੰਦਰ ਸਿੰਘ (ਵਾਲਸਾਲ, ਯੂ.ਕੇ.)
ਦਸੰਬਰ ੨੦੧੧
www.akaalpublishers.com

ਪੰਜਾਬ ਵਿੱਚ, ਸੰਪਰਕ:
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਗੁਰਮਤਿ ਵਿਦਿਆਲਾ ਦਮਦਮੀ ਟਕਸਾਲ
ਕਣਕਵਾਲ ਭੰਗੂਆ, ਸੰਗਰੂਰ
ਭਾਈ ਅਮਰਜੀਤ ਸਿੰਘ "ਮਰਯਾਦਾ"
੦੧੬੭੬ ੨੮੧੫੧੦ ੦੯੪੬੩੧੯੪੦੩੧
www.damdamitaksal.com

## ਬਾਬਾ ਜੀ ਦਾ ਮੁੱਢਲਾ ਜੀਵਨ

ਸਿੱਖ ਕੌਮ ਦੀ ਧਾਰਮਿਕ ਹਸਤੀ ਵਜੋਂ ਜਾਣੇ ਜਾਂਦੇ ਸਤਿਕਾਰਯੋਗ ਬਾਬਾ ਠਾਕੁਰ ਸਿੰਘ ਜੀ ਦਾ ਜਨਮ ੧੯੧੫ ਈਸਵੀ ਨੂੰ ਪਿੰਡ ਈਚੋਗਿੱਲ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਸਤਿਕਾਰਯੋਗ ਬਾਬਾ ਬਹਾਦਰ ਸਿੰਘ ਜੀ ਅਤੇ ਮਾਤਾ ਪ੍ਰੇਮ ਕੌਰ ਜੀ ਦੀ ਕੁੱਖੋਂ ਹੋਇਆ। ਬਾਬਾ ਬਹਾਦਰ ਸਿੰਘ ਜੀ ਅਤੇ ਮਾਤਾ ਪ੍ਰੇਮ ਕੌਰ ਜੀ ਦੋਨੋਂ ਅੰਮ੍ਰਿਤਧਾਰੀ, ਨਿਤਨੇਮੀ ਅਤੇ ਗੁਰੂ ਘਰ ਤੇ ਅਤੁਟ ਨਿਸਚੇ ਰੱਖਣ ਵਾਲੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਆਪ ਭਾਰਤ ਵਿਚ ਆ ਗਏ, ਜਿਥੇ ਇਹਨਾਂ ਨੇ ਪਿੰਡ ਸਦਰਵਾਲਾ, ਨੇੜੇ ਮਖੂ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਰਹਿਣਾ ਕੀਤਾ।

ਬਾਬਾ ਜੀ ਜਨਮ ਤੋਂ ਲੈ ਕੇ ਹੀ ਸਦਾ ਵਾਸਤੇ ਮਸਤ ਅਤੇ ਸਿਮਰਨ ਭਜਨ ਕਰਨ ਵਾਲੇ, ਪਰਉਪਕਾਰੀ, ਦਿਆਲੂ, ਸ਼ਾਂਤ-ਚਿੱਤ, ਨਾਮ-ਬਾਣੀ ਦੇ ਰਸੀਏ ਅਤੇ ਸਤਿਗੁਰਾਂ ਉਪਰ ਨਿਸਚਾ ਰੱਖਣ ਵਾਲੇ ਸਨ। ਆਪ ਜੀ ਛੋਟੀ ਅਵਸਥਾ ਵਿਚ ਹੀ ਬਾਹਰੀ ਖੇਡਾਂ ਅਤੇ ਗੱਲਾਂ ਵਲ ਮਨ ਨਹੀਂ ਲਾਉਂਦੇ ਸਨ। ਕੁਝ ਵੱਡੀ ਅਵਸਥਾ ਹੋਣ ਤੇ ਆਪ ਆਪਣੇ ਮਾਤਾ ਪਿਤਾ ਜੀ ਨਾਲ ਘਰ ਦੇ ਕਾਰ-ਵਿਹਾਰ ਕਰਦੇ ਤੇ ਨਾਲ ਨਾਲ ਅਪਣੀ ਬਿਰਤੀ ਨੂੰ ਸਦਾ ਇਕ-ਰਸ, ਨਾਮ-ਸਿਮਰਨ ਵਿਚ ਜੋੜੀ ਰੱਖਦੇ। ਆਪ ਜੀ ਨੂੰ ਚਿੱਤ ਵਿਚ ਬਚਪਨ ਤੋਂ ਹੀ ਵੰਡ ਛਕਣ ਅਥਵਾ ਛਕਾ ਕੇ, ਖ਼ੁਸ਼ ਹੋਣ ਦਾ ਉਮਾਹ ਰਹਿੰਦਾ, ਕਿਉਂਕਿ ਹਰ ਇਕ ਵਿਚ ਸਤਿਗੁਰੂ ਜੀ ਦਾ ਸਰੂਪ ਪ੍ਰਤਖ ਵੇਖਦੇ ਸਨ। ਐਸੇ ਸੇਵਾ ਸਿਮਰਨ ਵਿਚ ਜੁੜਿਆਂ ਹੋਇਆਂ, ਆਪ ਜੀ ਦੇ ਮਨ ਵਿਚ ਕਿਸੇ ਪੂਰਨ ਗੁਰਸਿੱਖ ਤੱਤ-ਬੇਤੇ ਅੰਮ੍ਰਿਤਧਾਰੀ ਮਹਾਂਪੁਰਖ, ਬ੍ਰਹਮ ਗਿਆਨੀ ਜੀ ਦੇ ਪਾਸ ਰਹਿ ਕੇ ਜੀਵਨ ਬਤੀਤ ਕਰਨ ਦੀ ਲਗਨ ਲੱਗੀ ਰਹਿੰਦੀ ਸੀ।

ਅਖ਼ੀਰ ਸੰਗਤਾਂ ਰਾਹੀਂ ਪਤਾ ਲੱਗਣ ਤੇ ਕਿ ਇਸ ਵਕਤ ਖ਼ਾਲਸਾ ਪੰਥ ਵਿਚ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ' ਜਥੇ ਸਮੇਤ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ, ਜੋ ਕਿ ਮਹਾਨ ਵਿਦਵਾਨ ਹਨ ਤੇ ਜਿਨ੍ਹਾਂ ਉਪਰ ਕਲਗੀਧਰ ਦੀ ਮਹਾਨ ਬਖ਼ਸ਼ਿਸ਼ ਹੈ। ਬਾਬਾ ਜੀ ਘਰੋਂ ਚੱਲ ਕੇ ਸੰਤਾਂ ਮਹਾਂਪੁਰਖਾਂ ਦੇ ਕੋਲ ਭਿੰਡਰ ਕਲਾਂ ਜ਼ਿਲ੍ਹਾਂ ਮੋਗੇ ਆ ਗਏ। ਜਿਥੇ ਪੰਜਾਂ ਪਿਆਰਿਆਂ ਪਾਸੋਂ ਬਾਬਾ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਮਹਾਂਪੁਰਖਾਂ ਨੇ ਆਪ ਜੀ ਦੀ ਮਨ ਦੀ ਅਵਸਥਾ ਵੇਖ ਕੇ ਕੁਝ ਸਮੇਂ ਵਾਸਤੇ ਗੁਰਦੁਆਰਾ ਸਾਹਿਬ ਵਿਚ ਲੰਗਰ ਦੀ ਸੇਵਾ ਸੰਭਾਲ ਦਿੱਤੀ, ਜੋ ਆਪ ਜੀ ਨੇ ਬੜੇ ਪ੍ਰੇਮ ਤੇ ਲਗਨ ਨਾਲ ਨਿਭਾਈ। ਢਾਈ ਸਾਲਾਂ ਦੀ ਸੇਵਾ ਤੋਂ ਬਾਅਦ, ਮਹਾਂਪੁਰਖਾਂ ਨੇ ਆਪ ਜੀ ਨੂੰ ਜਥੇ ਵਿਚ ਰੱਖ ਲਿਆ ਅਤੇ ਬ੍ਰਹਮ ਵਿਦਿਆ ਪੜ੍ਹਾਈ।



ਸੰਤਾਂ ਦੇ ਸਚਖੰਡ ਜਾਣ ਤਕ, ਆਪ ਜੀ ੨੨ ਸਾਲ ਸੰਤਾਂ ਦੇ ਗੜਵੱਈ ਬਣ ਕੇ ਮਹਾਨ ਸੇਵਾ ਕਰਦੇ ਰਹੇ। ਮਹਾਂਪੁਰਖਾਂ ਨੇ ਆਪ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਆਪ ਜੀ ਉਪਰ ਮਹਾਨ ਬਖ਼ਸ਼ਿਸ਼ਾਂ ਕੀਤੀਆਂ। ਮਹਾਨ ਉੱਚੀ ਅਵਸਥਾ ਬਖ਼ਸ਼ ਦਿੱਤੀ। ਬਚਨ ਕੀਤੇ ਕਿ "ਸਮਾਂ ਆਏਗਾ ਤੁਸੀਂ ਮਹਾਨ ਤੋਂ ਮਹਾਨ ਸੇਵਾ ਕਰੋਗੇ।" ਸੰਤਾਂ ਮਹਾਂਪੁਰਖਾਂ ਦੇ ਸਚਖੰਡ ਜਾਣ ਉਪਰੰਤ, ਆਪ ਜੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਅੱਠ ਸਾਲ ਰਹਿ ਕੇ ਇਸੇ ਤਰ੍ਹਾਂ ਨਾਮ ਬਾਣੀ ਵਿਚ ਲਿਵਲੀਨ, ਲੰਗਰ ਅਤੇ ਸੰਗਤਾਂ ਦੀ ਸੇਵਾ ਸੰਭਾਲ ਕਰਦੇ ਰਹੇ। ਮਹਾਂਪੁਰਖ ਹਰ ਵਕਤ ਆਪ ਦਾ ਬਹੁਤ ਸਤਿਕਾਰ ਕਰਦੇ। ਹਰ ਕੰਮ ਵਿਚ ਆਪ ਦੀ ਸਲਾਹ ਲੈਂਦੇ। ਉਸ ਵਕਤ ਸਿੱਖ ਕੌਮ ਤੇ ਬੜੇ ਸੰਕਟ ਦਾ ਸਮਾਂ ਸੀ। ਸਿੱਖ ਕੌਮ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਮਹਾਂਪਰਖਾਂ ਨੇ ੩੭ ਵੱਡੇ ਨਗਰ ਕੀਰਤਨ ਕੱਢ ਕੇ ਸੁੱਤੀ ਕੌਮ ਨੂੰ ਜਾਗ੍ਰਿਤ ਕਰ ਦਿੱਤਾ ਸੀ। ਸਰਕਾਰ ਵਲੋ ਸੰਤਾਂ ਨੂੰ ਗ੍ਰਿਫਤਾਰ ਕਰ ਕੇ ਦਬਾਉਣ ਦੀ ਸਾਜ਼ਿਸ਼ ਕੀਤੀ ਜਾ ਰਹੀ ਸੀ। ਉਸ ਵਕਤ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸੰਗਤਾਂ ਵਿਚ ਐਲਾਨ ਕਰ ਦਿੱਤਾ ਕਿ "ਜੇ ਸਰਕਾਰ ਸਾਨੂੰ ਗ੍ਰਿਫਤਾਰ ਕਰੇ ਤਾਂ ਸਾਡੇ ਪਿਛੋਂ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਦੇ ਜ਼ਿੰਮੇਵਾਰ ਹਨ। ਜਿਨ੍ਹਾਂ ਨੂੰ ਮਰਜ਼ੀ ਅੱਗੇ ਸੇਵਾ ਸੰਭਾਲ ਦੇਣ।"

# ਬਾਬਾ ਜੀ ਦੀ ਰੂਹਾਨੀ ਗੁਰਮਤਾਈ ਅਤੇ ਰੋਜ਼ਾਨਾ ਜ਼ਿੰਦਗੀ

ਬਾਬਾ ਜੀ ਆਪਣੇ ਆਪ ਨੂੰ ਕਦੀ ਵੀ ਗੁਰਬਾਣੀ ਦੇ ਜਾਪ ਤੋਂ ਅਲੱਗ ਨਹੀਂ ਸੀ ਕਰਦੇ। ਗੁਰਬਾਣੀ ਦਾ ਉਚਾਰਨ ਅਖੰਡ ਚਲਦਾ ਰਹਿੰਦਾ ਸੀ ਅਤੇ ਬਾਬਾ ਜੀ ਦੂਸਰਿਆਂ ਨਾਲ ਬਹੁਤ ਘੱਟ ਬੋਲਦੇ ਸਨ। ਬਾਬਾ ਜੀ ਦੇ ਨਜਦੀਕ ਰਹਿਕੇ ਸੇਵਾਦਾਰ ਸਿੰਘ ਦਿਨ ਰਾਤ ਗੁਰਬਾਣੀ ਦਾ ਉਚਾਰਨ ਕਰਦੇ ਸਨ।

ਰਾਤ ਪੈਣ ਤੇ ਜਦੋਂ ਬਾਬਾ ਜੀ ਅਰਾਮ ਕਰਦੇ ਸਨ (ਕੁਝ ਸਮੇ ਤੋਂ ਜ਼ਿਆਦਾ ਨਹੀਂ), ਗੁਰਬਾਣੀ ਦਾ ਲਗਾਤਾਰ ਉਚਾਰਨ ਬਾਬਾ ਜੀ ਦੇ ਪਾਸ ਹੁੰਦਾ ਰਹਿੰਦਾ ਸੀ। ਬਾਬਾ ਜੀ ਦੀ ਜ਼ਿੰਦਗੀ ਦੌਰਾਨ ਉਹਨਾਂ ਦਾ ਰੋਜ਼ਾਨਾ ਨਿਤਨੇਮ ਬਦਲ ਜਾਂਦਾ ਸੀ (ਸਮੇ ਦੇ ਲੋੜਾਂ ਉਨਸਾਰ), ਪਰ ਇੱਕ ਮੁੱਢਲੇ ਮਾਰਗ ਦਰਸ਼ਕ ਦੇ ਤੌਰ ਤੇ ਹੀ ਉਹ ਪੱਕਾ ਪੰਜ ਗ੍ਰੰਥੀ ਦਾ ਉਚਾਰਨ ਕਰਦੇ ਤੇ ਬਾਕੀ ਦਾ ਦਿਨ ਜਪੁਜੀ ਸਾਹਿਬ, ਸੁਖਮਨੀ ਸਾਹਿਬ ਜਾ ਚੌਪਈ ਸਾਹਿਬ ਦੇ ਨਿਰੰਤਰ ਜਾਪ ਕਰਨ ਵਿੱਚ ਬਿਤਾਉਂਦੇ ਸਨ।

ਜੇ ਉਹ ਗੁਰਬਾਣੀ ਨੂੰ ਨਹੀਂ ਉਚਾਰਦੇ ਤਾਂ ਸਰਵਨ ਕਰਦੇ ਸਨ, ਜਾਂ ਸ੍ਰੀ ਦਰਬਾਰ ਸਾਹਿਬ ਤੋਂ ਟੀ.ਵੀ. ਪ੍ਰਸਾਰਨ ਸੁਣਦੇ ਜਾਂ ਕਥਾ ਸੁਣਦੇ ਸਨ। ਇਹ ਉਹਨਾਂ ਦੇ ਰੋਜ਼ਾਨਾ ਜੀਵਨ ਪੱਧਰ ਦੇ ਮੁੱਢਲੇ ਅੰਸ਼ ਸਨ। ਹੋਰ ਕੋਈ ਜੋ ਵੀ ਉਹਨਾਂ ਕੋਲ ਜਾਂਦਾ ਜਾਂ ਮਿਲਦਾ, ਇਹੀ ਵੇਖਦਾ, ਕਥਾ, ਕੀਰਤਨ ਜਾਂ ਗੁਰਬਾਣੀ ਦਾ ਜਾਪ। ਬਾਬਾ ਜੀ ਇਹਨਾਂ ਪੰਗਤੀਆਂ ਦਾ ਪ੍ਰਤੀਬਿੰਬ ਸੀ:

ਆਸਾ ਮਹਲਾ ੫ ॥

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥

ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥

(੩੯੭)

ਸਲੋਕ ਮਃ ੫ ॥

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥


(੩੧੯)

# ਨਿਮਰਤਾ

ਬਾਬਾ ਜੀ ਨਿਮਰਤਾ ਦਾ ਮੁਜੱਸਮਾ ਸਨ। ਸਿੱਖੀ ਦੀ ਨੀਂਹ ਨਿਮਰਤਾ ਉੱਪਰ ਰੱਖੀ ਗਈ ਹੈ, ਜੋ ਹਉਮੈ ਦਾ ਖਾਤਮਾ ਕਰਦੀ ਹੈ।ਮਹਾਰਾਜ ਫੁਰਮਾਉਂਦੇ ਹਨ:

ਸਲੋਕੁ ॥
ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥ (੨੭੮)

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ (੨੭੩)



ਕਈ ਗੁਰਸਿੱਖ ਬਾਬਾ ਜੀ ਨੂੰ ਬੇਨਤੀਆਂ ਕਰਦੇ ਸਨ ਕੇ ਉਹਨਾਂ ਦੇ ਘਰਾਂ ਵਿੱਚ ਚਰਨ ਪਾਉਣ, ਤਾਂਕਿ ਉਹ ਉਹਨਾਂ ਦੇ ਗ੍ਰਹਿ ਨੂੰ ਪਵਿਤਰ ਕਰਨ, ਨਾਲ ਹੀ ਬਾਬਾ ਜੀ ਦੀ ਅਤੇ ਸੰਗਤਾਂ ਦੀ ਸੇਵਾ ਕਰਨ ਦਾ ਅਤੇ ਲੰਗਰ ਛਕਉਣ ਦਾ ਸੁਭਾਗ ਪ੍ਰਾਪਤ ਹੋਵੈ। ਬਾਬਾ ਜੀ ਜਦੋਂ ਇਹੋ ਜਿਹੇ ਘਰਾਂ ਵਿੱਚ ਜਾਂਦੇ ਸੀ, ਕਈ ਪਰਿਵਾਰ ਬੜੀ ਮਿਹਨਤ ਅਤੇ ਲਗਨ ਨਾਲ ਪ੍ਰਬੰਧ ਕਰਦੇ ਸੀ। ਬਾਬਾ ਜੀ ਦੇ ਆਸਨ ਦੀ ਤਿਆਰੀ ਬੜੇ ਪ੍ਰੇਮ ਨਾਲ ਕਰਦੇ ਸਨ, ਜਿਸ ਵਿੱਚ ਸੋਫੇ ਅਤੇ ਬਿਸਤਰਿਆਂ ਉੱਪਰ ਕੁਸ਼ਨਾਂ ਦੀਆਂ ਕਤਾਰਾਂ ਲੱਗਦੀਆਂ ਸਨ । ਪਰ ਬਾਬਾ ਜੀ ਸਾਦਾ ਜੀਵਨ ਬਿਤਾ ਕਿ ਖੁਸ਼ ਸਨ, ਸੋ ਕਈ ਵਾਰ ਬਾਬਾ ਜੀ ਆਪਨੀ ਮਉਜ ਵਿਚ ਆਸਨ ਦੇ ਕੋਲ ਥੱਲੇ ਜਾਕੇ ਬਹਿ ਜਾਂਦੇ ਸਨ। ਬਾਬਾ ਜੀ ਦੇ ਜੱਥੇ ਦੇ ਸਿੰਘ ਘਰਾਂ ਵਿੱਚ ਦਾਖਲ ਹੁੰਦੇ ਹੀ ਲੰਗਰ ਦੀ ਸੇਵਾ ਦਾ ਪ੍ਰਬੰਧ ਆਪ ਸਾਂਭ ਲੈਂਦੇ ਸੀ, ਅਤੇ ਕਈ ਵਾਰੀ ਬਾਬਾ ਜੀ ਆਪ ਹੀ ਬੜੇ ਪ੍ਰੇਮ ਨਾਲ ਸੰਗਤਾਂ ਨੂੰ ਲੰਗਰ ਆਪ ਹਥੀ ਛਕਾਉਂਦੇ ਸਨ। ਜਿਹੜੇ ਗੁਰਸਿੱਖ ਬਾਬਾ ਜੀ ਨੂੰ ਮਿਲਣ ਆਉਂਦੇ, ਬਾਬਾ ਜੀ ਉਹਨਾਂ ਦਾ ਸਤਿਕਾਰ ਕਰਦੇ। ਬਾਬਾ ਜੀ ਅਤੇ ਉਹਨਾਂ ਦੇ ਸੇਵਾਦਾਰ ਸਿੰਘ ਆਏ ਹੋਏ ਗੁਰਸਿੱਖਾਂ ਨੂੰ ਬੇਨਤੀ ਕਰਦੇ ਹੁੰਦੇ ਸੀ ਕਿ ਮੱਥਾ ਨਾ ਟੇਕੋ ਅਤੇ ਬੇਨਤੀ ਕਰਦੇ ਕਿ ਗੁਰੂ ਕਲਗੀਧਰ ਪਾਤਸ਼ਾਹ ਜੀ ਦੀ ਫਤਹਿ ਬੁਲੰਦ ਕਰੋ। ਬਾਬਾ ਜੀ ਆਈ ਹੋਈ ਸੰਗਤ ਨੂੰ ਫਤਹਿ ਦਾ ਜਵਾਬ ਜਦ ਦਿੰਦੇ ਸਨ ਤਾਂ ਉਹ ਹਮੇਸ਼ਾ ਇੱਜ਼ਤ ਦੇ ਨਾਲ ਦੋਨੋ ਹਥ ਜੋੜ ਕੇ ਸਿਰ ਝੁਕਾਉਂਦੇ ਹੋਏ ਫਤਹਿ ਬੁਲੰਦ ਕਰਦੇ ਸੀ।

ਬਾਬਾ ਜੀ ਆਏ ਹੋਏ ਗੁਰਸਿੱਖਾਂ ਨੂੰ ਫਲ ਜਾਂ ਜਿਹੜਾ ਵੀ ਪ੍ਰਸ਼ਾਦਿ ਹੁੰਦਾ ਸੀ ਉਹਨਾਂ ਨੂੰ ਦਿੰਦੇ ਸਨ। ਕਈ ਵਾਰ ਬਾਬਾ ਜੀ ਗੁਰਸਿੱਖਾਂ ਨੂੰ ਉਹਨਾਂ ਦੇ ਨਾਲ, ਉਹਨਾਂ ਦੇ ਆਸਨ ਉਤੇ ਨਾਲ ਬੈਠਣ ਲਈ ਕਹਿੰਦੇ ਸਨ ਤਾਂ ਕਿ ਉਹ ਉਹਨਾਂ ਦੇ ਬਰਾਬਰ ਹੀ ਰਹਿਣ, ਉਹਨਾਂ ਤੋਂ ਨੀਵੇਂ ਨਾ ਲੱਗਣ, ਉਹਨਾਂ ਵਿੱਚ ਭੇਦ ਭਾਵ ਨਾ ਆਵੇ। ਸਿਰਫ਼ ਬਾਬਾ ਜੀ ਹੀ ਜਾਣਦੇ ਸਨ ਕਿ ਉਹਨਾਂ ਨੂੰ, ਇਹ ਗੁਰਸਿੱਖਾਂ ਵਿੱਚ ਕਿਹੜੇ ਗੁਨ ਨਜ਼ਰ ਆਉਂਦੇ ਸੀ, ਕਿ ਉਹਨਾਂ ਨੂੰ ਉੱਚਾ ਦਰਜ਼ਾ ਪ੍ਰਦਾਨ ਕਰਦੇ ਸਨ। ਇਹਨਾਂ ਵਿੱਚੋਂ ਕੁਝ ਗੁਰਸਿੱਖ ਪਤਵੰਤੇ ਸਨ, ਪਰ ਕਈ ਆਮ ਜੀਵਨ ਵਿੱਚ ਅਤੇ ਸਧਾਰਨ ਹੀ ਲੱਗਦੇ ਸਨ, ਇਕੱਲੇ ਬਾਬਾ ਜੀ ਦੀ ਰੂਹਾਨੀਅਤ ਦੀ ਨਜ਼ਰ ਜਾਣਦੀ ਸੀ ਕਿ, ਕਿ ਕਿਉਂ ਸਤਿਕਾਰ ਦਿੱਤਾ ਜਾਂਦਾ ਸੀ।

ਜਦੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪਨਾ ਪੰਜ ਪੂਤਕ ਸਰੀਰ ਛੱਡਿਆ, ਖਾਲਸਾ ਜੀ ਤੋਂ ਬਾਅਦ ਤਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਦਮਦਮੀ ਟਕਸਾਲ ਦੇ ਨਵੇਂ ਜੱਥੇਦਾਰ ਨਿਯੁਕਤ ਕੀਤਾ ਗਿਆ। ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਸਚਖੰਡ ਜਾਣ ਤੋਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ, ਕਿ ਟਕਸਾਲ ਦੀ ਜ਼ੁੰਮੇਵਾਰੀ ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਹੈ, ਉਹਨਾਂ ਦੇ ਦੀਵਾਨਾਂ ਵਿੱਚ ਕੀਤੇ ਪ੍ਰਚਾਰ ਵਿੱਚ ਇਹ ਸਬੂਤ ਮਿਲਦਾ ਹੈ, ਦੇਖੋ

http://www.damdamitaksaal.org/audio/index.php?q=f&f=%2FKatha%2FSant+Giani+Gurbachan+Singh+Jee+Khalsa)

ਬਾਬਾ ਠਾਕੁਰ ਸਿੰਘ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਦੇ ਇਸ ਨਜ਼ਰੀਏ ਨੂੰ ਭਰਪੂਰ ਸਹਿਯੋਗ ਦਿੱਤਾ ਅਤੇ ਜਿੱਥੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪਣਾ ਸਰੀਰ ਤਿਆਗਿਆ ਸੀ ਇਕ ਆਲੀਸ਼ਾਨ ਗੁਰਦੁਆਰੇ ਦੀ ਉਸਾਰੀ ਅਰੰਭ ਕੀਤੀ, ਜੋ ਕੇ ਅੱਜ ਕੱਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ ਵਿਖੇ ਹੈ), ਅਤੇ ਟਕਸਾਲ ਦਾ ਹੈਡ ਕੁਆਟਰ ਸੀ। ਗਿਆਨੀ ਮੋਹਨ ਸਿੰਘ ਜੀ ਸੋਚਦੇ ਸੀ ਕਿ ਗਿਆਨੀ ਜੀ ਦਮਦਮੀ ਟਕਸਾਲ ਦੇ ਨਵੇਂ ਜੱਥੇਦਾਰ ਬਣਨਗੇ। ਇਸਤਰ੍ਹਾਂ, ਗਿਆਨੀ ਮੋਹਨ ਸਿੰਘ ਜੀ ਦੇ ਧੜੇ ਦੇ ਸਿੰਘ ਗਿਆਨੀ ਜੀ ਨੂੰ ਟਕਸਾਲ ਦਾ ਨਵਾਂ ਜਥੇਦਾਰ ਮੰਨਣ ਲਗ ਗਏ। ਇਸ ਧੜੇ ਨੇ ਭਿੰਡਰਾਂ ਦੀ ਸੇਵਾ ਸੰਭਾਲ ਜਾਰੀ ਰੱਖੀ।



ਬਾਬਾ ਜੀ ਜਦੋਂ ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਸਨ ਉਸ ਸਮੇਂ ਦੌਰਾਨ ਜੱਥੇ ਸਮੇਤ, ਭਿੰਡਰਾਂ ਦੇ ਨਜ਼ਦੀਕ ਗੱਡੀ ਵਿੱਚ ਆ ਰਿਹੇ ਸੀ ਅਤੇ ਸਿੰਘਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਉਹ ਭਿੰਡਰਾਂ ਦੇ ਗੁਰਦੁਆਰਾ ਸਾਹਿਬ ਅਤੇ ਅਕਾਲ ਕੋਠੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਬਾਬਾ ਜੀ ਨੇ ਇਹ ਬੇਨਤੀ ਸਵੀਕਾਰ ਕਰ ਲਈ । ਇਸ ਤਰ੍ਹਾਂ ਬਾਬਾ ਜੀ ਅਤੇ ਸਿੰਘ ਗੁਰਦੁਆਰਾ ਸਾਹਿਬ ਵੱਲ ਚੱਲ ਪਏ ਅਤੇ ਉੱਥੇ ਅਕਾਲ ਕੋਠੀ ਦੇ ਦਰਸ਼ਨ ਕੀਤੇ, ਜਿੱਥੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਟਕਸਾਲ ਦੇ ਸਾਰੇ ਵਿਦਿਆਰਥੀਆਂ ਨੂੰ ਇਕੋ ਸਮੇਂ ਤੇ ਦਸ ਗੁਰੂਆਂ ਦੇ ਦਰਸ਼ਨ ਕਰਵਾਏ ਸੀ।

ਸੰਤ ਗਿਆਨੀ ਸੁੰਦਰ ਸਿੰਘ ਜੀ ਟਕਸਾਲ ਦੇ ੧੧ਵੇਂ ਮੁਖੀ ਸਨ, ਗੁਰੁ ਸਾਹਿਬਾਂ ਦੇ ਦਰਸ਼ਨਾਂ ਦਾ ਪੂਰਾ ਬਿਰਤਾਂਤ ਪੜ੍ਹਨ ਵਾਸਤੇ, "ਖਾਲਸਾ ਜੀਵਨ" ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਸੁੰਦਰ ਲਿਖਤ ਵੇਖੋ। ਭਿੰਡਰਾਂ ਵਿਖੇ ਇਕ ਪੁਰਾਣਾ ਪਰਬੰਧਕ ਮਿਲਿਆ ਸੀ, ਜੋ ਕਿ ਬਾਬਾ ਜੀ ਨੂੰ ਜਾਣਦਾ ਸੀ, ਉਸ ਨੇ ਬਹੁਤ ਹੀ ਅਯੋਗ ਸ਼ਬਦਾਵਲੀ ਬਾਬਾ ਜੀ ਨਾਲ ਵਰਤੀ। ਬਾਬਾ ਜੀ ਨੇ ਉਸ ਦੇ ਦੁਰਬਚਨਾ ਨੂੰ ਅਨਸੁਣੀ ਕਰ ਦਿੱਤਾ ਅਤੇ ਨਿਮਰਤਾ ਵਿੱਚ ਬਾਬਾ ਜੀ ਕੁਝ ਨਹੀਂ ਬੋਲੇ, ਅਤੇ ਸਿੰਘਾਂ ਨੂੰ ਇਸ਼ਾਰਾ ਕਰ ਦਿੱਤਾ ਕਿ ਕੁਝ ਨਾ ਆਖੋ। ਇਥੇ ਬਾਬਾ ਜੀ ਨੇ ਭਗਤ ਫਰੀਦ ਦੇ ਫੁਰਮਾਨਾਂ ਤੇ ਚੱਲਨ ਦਾ ਨਿਰਨਾ ਕੀਤਾ ਸੀ,

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥੭॥
(੧੩੭੮)

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥
(੧੩੮੨)

ਬਾਬਾ ਜੀ ਇਸ ਤੋਂ ਬਾਅਦ ਉਸ ਇਮਾਰਤ ਵੱਲ ਚੱਲ ਪਏ ਜਿੱਥੇ ਗਿਆਨੀ ਮੋਹਨ ਸਿੰਘ ਜੀ ਰਹਿੰਦੇ ਸਨ, ਬਾਹਰਲੇ ਦਰਵਾਜ਼ੇ ਨੂੰ ਤਾਲਾ ਲੱਗਿਆ ਹੋਇਆ ਸੀ ਅਤੇ ਬਾਬਾ ਜੀ ਨੇ ਗਿਆਨੀ ਜੀ ਨੂੰ ਮਿਲਣ ਲਈ ਬੇਨਤੀ ਕੀਤੀ, ਪਰ ਗਿਆਨੀ ਜੀ ਨੇ ਬਾਹਰ ਆ ਕੇ ਗੱਲ ਕਰਨ ਤੋਂ ਮਨ੍ਹਾ ਕਰ ਦਿੱਤਾ। ਬਾਬਾ ਜੀ ਨੇ ਬਾਹਰਲੇ ਦਰਵਾਜ਼ੇ ਉੱਪਰ ਖੜ੍ਹੇ ਹੋ ਕੇ ਗਿਆਨੀ ਮੋਹਨ ਸਿੰਘ ਜੀ ਨੂੰ ਬੇਨਤੀ ਕੀਤੀ ਅਤੇ ਉੱਚੀ ਅਵਾਜ਼ ਵਿੱਚ ਕਿਹਾ, "ਗਿਆਨੀ ਜੀ, ਸੰਸਾਰ ਕਲਯੁੱਗ ਦੀ ਅੱਗ ਵਿੱਚ ਸੜ੍ਹ ਰਿਹਾ ਹੈ, ਕ੍ਰਿਪਾ ਕਰਕੇ ਸਿੱਖੀ ਦਾ ਪ੍ਰਚਾਰ ਕਰੋ ਅਤੇ ਪਰਉਪਕਾਰੀ ਬਣੋ।" ਇਸ ਤੋਂ ਬਾਅਦ ਸਿੰਘਾਂ ਨੇ ਭਿੰਡਰਾਂ ਤੋਂ ਚਾਲੇ ਪਾ ਲਏ।

ਬਾਬਾ ਜੀ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸਨ ਅਤੇ ਸਿੰਘ ਬਹੁਤ ਨਾਲ ਸਨ, ਬਾਬਾ ਜੀ ਨੇ ਆਪਨਾ ਜੋਰ ਨਹੀਂ ਵਿਖਾਇਆ, ਭਿੰਡਰਾਂ ਵਿੱਚ ਗਿਨਤੀ ਦੇ ਸਿੰਘ ਹੀ ਸਨ। ਇਹ ਬਾਬਾ ਜੀ ਦੀ ਮਹਾਨਤਾ ਸੀ, ਕਿ ਉਹਨਾ ਨੇ ਭਿੰਡਰਾਂ ਜਾਕੇ ਡੇਰਾ ਜੋਰ ਨਾਲ ਲੈਣ ਦੀ ਕੋਸ਼ਿਸ਼ ਨਹੀ ਕੀਤੀ। ਬਾਬਾ ਜੀ ਨਿਮਰਤਾ ਵਿੱਚ ਆ ਗਏ ਅਤੇ ਕਹਿਣ ਲੱਗੇ, "ਤੁਸੀਂ ਮਹਾਨ ਗਿਆਨੀ ਹੋ, ਕ੍ਰਿਪਾ ਕਰਕੇ ਪ੍ਰਚਾਰ ਕਰੋ, ਅਤੇ ਪਿੱਛਲਾ ਭੁੱਲ ਕੇ, ਅੱਗੇ ਵੱਧੋ।" ਜਦੋਂ ਬਾਬਾ ਜੀ ਭਿੰਡਰਾਂ ਗਏ ਸਨ ਤਾਂ ਉਸ ਸਮ੍ਹੇ ਭਿੰਡਰਾਂ ਦੀ ਪ੍ਰਸ਼ਾਸਨੀ ਪੱਧਰ ਬੜੀ ਤਰਸਯੋਗ ਹਾਲਤ ਵਿੱਚ ਸੀ। ਕਿਉਂਕਿ ਜੱਥੇ ਦੇ ਸਿੰਘਾਂ ਅਤੇ ਪਿੰਡ ਵਾਲਿਆਂ ਵਿਚਕਾਰ ਝਗੜਾ ਚੱਲ ਰਿਹਾ ਸੀ। ਗਿਆਨੀ ਮੋਹਨ ਸਿੰਘ ਜੀ ਪ੍ਰਚਾਰ ਨਹੀਂ ਕਰ ਰਹੇ ਸਨ ਅਤੇ ਹਰ ਸਮੇਂ ਇਕਾਂਤ ਵਿੱਚ ਰਹਿੰਦੇ ਸਨ। ਹੁਣ ਗਿਆਨੀ ਮੋਹਨ ਸਿੰਘ ਭਿੰਡਰਾਂ ਵਿਖੇ ਮਹੀਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ ਕਥਾ ਕਰਦੇ ਹਨ।

# ਪੰਥਕ ਪ੍ਰਭਾਵ



ਬਾਬਾ ਜੀ ਪੰਥਕ ਸ਼ਖਸੀਅਤ ਵੀ ਸਨ, ਅਤੇ ਜਥੇਬੰਦੀਆ ਅਤੇ ਸਿੱਖ ਧਰਮ ਦੇ ਰਾਜਨੀਤਕ ਮਸਲਿਆ ਵਿੱਚ ਭਾਗ ਲੈਂਦੇ ਸਨ। ਬਾਬਾ ਜੀ ਨੇ ਦਮਦਮੀ ਟਕਸਾਲ ਦੀ ੨੦ ਸਾਲ ਲਈ ਅਗਵਾਈ ਕੀਤੀ, ਜਿਸ ਵੱਚ ਸਿੱਖ ਸੰਘਰਸ਼ ਜਾਰੀ ਰਿਹਾ ਅਤੇ ਕਈ ਸਿੱਖ ਨੌਜਵਾਨ ਹਥਿਆਰ ਬੰਦ ਰਹੇ। ਬਾਬਾ ਜੀ ਨੇ ਬੜੇ ਸੁਚੱਜੇ ਢੰਗ ਨਾਲ ਇਸ ਸੰਕਟਮਈ ਸਮੇ ਵਿੱਚ ਅਗਵਾਈ ਕੀਤੀ।

੧੯੮੪ ਦੇ ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ, ਬਹੁਤ ਜ਼ਿਆਦਾ ਸਰਕਾਰ ਦੇ ਦਬਾਅ ਕਾਰਨ, ਬਾਬਾ ਜੀ ਨੂੰ ਗੁਪਤ ਰਹਿਣਾ ਪਇਆ। ਇਕ ਸਾਲ ਲਈ ਬਾਬਾ ਜੀ ਕਈ ਗੁਰਸਿੱਖ ਪਰਿਵਾਰਾਂ ਨਾਲ ਰਹੇ ਸਨ, ਜਿਹਨਾਂ ਉੱਤੇ ਉਹ ਵਿਸ਼ਵਾਸ ਕਰਦੇ ਸਨ। ਬਾਬਾ ਜੀ ਹਰ ਪਰਿਵਾਰ ਨਾਲ ੧੦-੧੨ ਹਫ਼ਤੇ ਰਹਿੰਦੇ ਸਨ ਤੇ ਬਾਅਦ ਵਿੱਚ ਆਪਣਾ ਸਥਾਨ ਬਦਲ ਲੈਂਦੇ ਸਨ।

੧੨ ਮਹੀਨਿਆਂ ਲਈ (ਜੂਨ ੧੯੮੪ - ਜੂਨ ੧੯੮੫), ਬਾਬਾ ਜੀ ਨੇ ਆਪਣੇ ਆਪ ਨੂੰ ਆਮ ਦਿੱਖ ਵਿੱਚ ਰੱਖਿਆ, ਜਿਸ ਤੋਂ ਬਾਅਦ ਦਮਦਮੀ ਟਕਸਾਲ ਦੀ ਅਗਵਾਈ ਕਰਨ ਲਗ ਪਏ। ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਪਹਿਲਾਂ ਹੀ ਕਹਿ ਚੁੱਕੇ ਸਨ ਕਿ ਉਹਨਾਂ ਦੀ ਗੈਰ-ਹਾਜ਼ਰੀ ਵਿੱਚ ਦਮਦਮੀ ਟਕਸਾਲ ਦੀ ਜਥੇਦਾਰੀ ਬਾਬਾ ਜੀ ਦੀ ਹੈ, ਅਤੇ ਕਿਸੇ ਨੂੰ ਕੋਈ ਹੱਕ ਨਹੀਂ ਹੈ ਕਿ ਬਾਬਾ ਜੀ ਤੇ ਸ਼ੰਕਾ ਕਰੇ। ਇਹ ਵੱਡਮੁਲੇ ਬਚਨ ਸੁਨਣ ਲਈ ਦੇਖੋ,

http://www.damdamitaksaal.org/audio/Katha/Sant%20Giani%20Jarnail%20Singh%20Jee%20Khalsa/Sant%20Jee’s%20Anmol%20Bachan/SANT%20JEE’S%20ANMOL%20BACHAN.mp3

ਇਸ ਤਰ੍ਹਾਂ ਬਾਬਾ ਜੀ ਦੀ ਅਗਵਾਈ ਦਾ ਕੋਈ ਵਿਰੋਧ ਨਹੀਂ ਸੀ, ਕਿਉਂਕਿ ਸਿੰਘਾਂ ਨੂੰ ਸੰਤਾਂ ਨੇ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ। ਬਾਬਾ ਜੀ ਨੂੰ ਸਿੰਘਾਂ ਵੱਲੋਂ ਅਤੇ ਸਾਰੇ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਵਲੋਂ ਪੂਰਾ ਸਤਿਕਾਰ ਦਿੱਤਾ ਜਾਂਦਾ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਆਪਣੇ ਸਰੀਰ ਛੱਡਣ ਤੋਂ ਪਹਿਲਾ ਕਿਹਾ ਸੀ ਕਿ ਟਕਸਾਲ ਦੀ ਜ਼ੁੰਮੇਵਾਰੀ ਉਹਨਾਂ ਤੋ ਬਾਅਦ ਬਾਬਾ ਠਾਕੁਰ ਸਿੰਘ ਦੀ ਹੈ, ਉਹ ਇਸ ਨੂੰ ਕਿਸੇ ਨੂੰ ਵੀ ਸੌਂਪ ਸਕਦੇ ਹਨ। ਸੰਤ ਗਿਆਨੀ ਕਰਤਾਰ ਸਿੰਘ ਜੀ ਦੇ ਸਚਖੰਡ ਗਮਨ ਤੋ ਬਾਅਦ, ਬਾਬਾ ਜੀ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਨੂੰ ਦਮਦਮੀ ਟਕਸਾਲ ਦਾ ੧੪ਵਾਂ ਜੱਥੇਦਾਰ ਬਣਾਇਆ।

ਜਦੋਂ ਬਾਬਾ ਜੀ ਸੰਤ ਜੀ ਦੇ ਕਮਰੇ ਵਿੱਚ ਜਾਂਦੇ ਤਾਂ ਸੰਤ ਜੀ ਖੜ੍ਹੇ ਹੋ ਜਾਂਦੇ ਸੀ ਅਤੇ ਸਿੰਘਾਂ ਨੂੰ ਕਹਿੰਦੇ ਸੀ, ਕਿ ਜੇਕਰ ਤੁਸੀਂ ਪ੍ਰਮਾਤਮਾ ਨੂੰ ਦੇਖਣਾ ਹੈ ਤਾਂ ਬਾਬਾ ਠਾਕੁਰ ਸਿੰਘ ਜੀ ਦੇ ਦਰਸ਼ਨ ਕਰੋ। ਇਹ ਸਤਿਕਾਰ ਸੀ, ਜੋ ਸੰਤ ਗਿਆਨੀ ਜਰਨੈਲ ਸਿੰਘ ਜੀ ਬਾਬਾ ਜੀ ਲਈ ਰੱਖਦੇ ਸਨ। ਸੰਤ ਗਿਆਨੀ ਕਰਤਾਰ ਸਿੰਘ ਜੀ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਟਕਸਾਲ ਦਾ ਪ੍ਰਬੰਧ, ਬਾਬਾ ਜੀ ਦੀ ਸਲਾਹ ਨਾਲ ਕਰਦੇ ਸਨ, ਬਾਬਾ ਜੀ ਦਾ ਬਚਨ ਨਹੀਂ ਸੀ ਕਦੇ ਵੀ ਮੋੜਦੇ।


ਜਦੋ ਰਾਜੀਵ ਗਾਂਧੀ ਪ੍ਰਧਾਨ ਮੰਤ੍ਰੀ ਸੀ, ਉਸ ਨੇ ਸਿੰਘਾਂ ਦੇ ਸੰਘਰਸ਼ ਦੇ ਵਿੱਚ ਠੱਲ ਪਾਉਣ ਲਈ ਕਈ ਤਰੀਕੇ ਅਪਨਾਏ, ਇਸ ਮੁਦੇ ਨੂੰ ਸਫਲ ਕਰਾਉਣ ਲਈ, ਉਸ ਨੇ ਆਪਣੇ ਕੁਝ ਕਰਮਚਾਰੀ ਬਾਬਾ ਜੀ ਨੂੰ ਮਿਲਨ ਵਾਸਤੇ ਭੇਜੇ। ਭਾਈ ਮੋਹਕਮ ਸਿੰਘ ਜੋ ਕਿ ਟਕਸਾਲ ਦਾ ਮੁਖ ਬੁਲਾਰਾ ਹੈ, ਉਸਨੂੰ ਪਤਾ ਲੱਗਾ ਕਿ ਰਾਜੀਵ ਦੇ ਕਰਮਚਾਰੀ ਆ ਰਹੇ ਹਨ। ਉਸ ਨੂੰ ਭੈ ਸੀ ਕਿ ਸ਼ਾਇਦ ਬਾਬਾ ਜੀ ਆਏ ਕਰਮਚਾਰੀਆਂ ਦੇ ਨਾਲ ਗੱਲ ਨਾ ਕਰਨ। ਭਾਈ ਮੋਹਕਮ ਸਿੰਘ ਨੇ ਕੋਸ਼ਿਸ਼ ਕੀਤੀ ਕਿ ਹੋਰ ਕਈ ਸਿਆਣੇ ਸਿਆਸੀ ਆਗੂ ਮੀਟਿੰਗ ਵਿਚ ਸਿੰਘਾਂ ਦੀ ਨੁਮੈਂਦਗੀ ਨਿਭਾਉਣ, ਪਰ ਕੋਈ ਮੰਨਿਆ ਨਹੀ। ਮੀਟਿੰਗ ਦਾ ਦਿਨ ਆਇਆ ਤਾਂ ਰਾਜੀਵ ਗਾਂਧੀ ਦੇ ਕਰਮਚਾਰੀ ਮਹਿਤੇ ਬਾਬਾ ਜੀ ਤੋਂ ਪਹਿਲਾ ਪਹੁੰਚ ਗਏ, ਬਾਬਾ ਜੀ ਅੰਮ੍ਰਿਤਸਰ ਤੋ ਆ ਰਹੇ ਸਨ। ਬਾਬਾ ਜੀ ਮੀਟਿੰਗ ਤੇ ਪਹੁੰਚ ਗਏ, ਰਾਜੀਵ ਗਾਂਧੀ ਦੇ ਕਰਮਚਾਰੀਆ ਨੇ ਕਹਿਆ "ਰਾਜੀਵ ਗਾਂਧੀ ਸਿੱਖਾਂ ਦੇ ਨਾਲ ਸ਼ਾਂਤੀ ਚਾਹੁੰਦਾ ਹੈ। ਅਸੀਂ ਇਸ ਮਸਲੇ ਤੇ ਤੁਹਾਡੇ ਨਾਲ ਵਿਚਾਰ ਕਰਨ ਲਈ ਆਏ ਹਨ।"

| | |
|---|---|
| ਬਾਬਾ ਜੀ ਨੇ ਆਰਾਮ ਨਾਲ ਪੁੱਛਿਆ, | "ਤੁਸੀਂ ਕਿੱਥੋਂ ਆਏ ਹੋ?" |
| ਸਲਾਹਕਾਰ : | "ਅਸੀਂ ਦਿੱਲੀ ਤੋਂ ਆਏ ਹਾਂ" |
| ਬਾਬਾ ਜੀ : | "ਕੀ ਤੁਹਾਨੂੰ ਵੀ ਦਿੱਲੀ ਤੋਂ ਮਹਿਤੇ ਆਉਂਦਿਆਂ ਰਸਤੇ ਵਿੱਚ ਰੋਕਿਆ ਗਿਆ?" |
| ਸਲਾਹਕਾਰ : | "ਨਹੀਂ" |
| ਬਾਬਾ ਜੀ : | "ਅੱਛਾ! ਮੈਂ ਹੁਣੇ ਹੀ ਅੰਮ੍ਰਿਤਸਰ ਤੋਂ ਆਇਆ ਹਾਂ, ਮੇਰੀ ਕਾਰ ਨੂੰ ਰੋਕਿਆ ਗਿਆ, ਅਤੇ ੭ ਵਾਰ ਤਲਾਸ਼ੀ ਲਈ ਗਈ। ਤੁਸੀਂ ਸਾਡੇ ਨਾਲ ਅਮਨ ਚਾਹੁੰਦੇ ਹੋ, ਇਹ ਵਿਤਕਰਾ (ਭੇਦਭਾਵ) ਬੰਦ ਕਰੋ ਫੇਰ ਅਸੀਂ ਗਲਬਾਤ ਬਾਰੇ ਸੋਚਾਂਗੇ। |

ਬਾਬਾ ਜੀ ਨੇ ਉਨ੍ਹਾਂ ਨਾਲ ਇਸ ਤੋਂ ਵਧ ਗਲਬਾਤ ਤੋਂ ਮਨ੍ਹਾ ਕਰ ਦਿੱਤਾ, ਤੇ ਉਹ ਮੁੜ ਨਿਮੋਝੂਣੇ ਹੋ ਕੇ ਰਾਜੀਵ ਗਾਂਧੀ ਕੋਲ ਪਰਤ ਗਏ।

ਸੰਘਰਸ਼ ਦੀ ਲਹਿਰ ਨੂੰ ਅੱਗੇ ਵਧਾਉਣ ਲਈ ੧੯੮੬ ਵਿੱਚ ਬਾਬਾ ਜੀ ਤੋਂ ਸਲਾਹ ਮੰਗੀ ਗਈ ਸੀ। ਬਾਬਾ ਜੀ ਨੇ ਸਿੰਘਾਂ ਨੂੰ ਕਹਿਆ ਸੀ ਕਿ ਪੰਜ ਸਿੰਘ ਨਿਯੁਕਤ ਕੀਤੇ ਜਾਣ ਜੋ ਪੰਥ ਦੀ ਅਗਵਾਈ ਕਰ ਸਕਨ। ਫੇਰ ੨੬ ਜਨਵਰੀ ੧੯੮੬ ਨੂੰ ਸਰਬੱਤ ਖਾਲਸਾ ਵਲੋਂ ਪੰਥਕ ਕਮੇਟੀ ਸਿਰਜੀ ਗਈ, ਪੰਜਾਂ ਸਿੰਘਾਂ ਤੇ ਅਧਾਰਤ ਕਮੇਟੀ ਵਿਚ ਭਾਈ ਅਰੂੜ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਵਸਨ ਸਿੰਘ ਜ਼ਫ਼ਰਵਾਲ ਅਤੇ ਭਾਈ ਧੰਨਾ ਸਿੰਘ ਸ਼ਾਮਲ ਸਨ।

ਦਰਬਾਰ ਸਾਹਿਬ ਦੇ ਹਮਲੇ ਤੋ ਬਾਅਦ, ਸਰਕਾਰ ਨੇ ਕੋਸ਼ਿਸ਼ ਕੀਤੀ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ (ਜੋ ਕਿ ਸਰਕਾਰ ਨੇ ਢਹਿ ਢੇਰੀ ਕੀਤੀ ਸੀ) ਉਸ ਦੀ ਮੁੜ ਉਸਾਰੀ ਕੀਤੀ ਜਾਵੇ। ਇਸ ਕਾਹਲੀ ਦੇ ਵਿੱਚ ਬੁੱਢਾ ਦਲ ਦੇ ਮੁਖੀ ਸੰਤਾ ਸਿੰਘ ਨੂੰ ਸਰਕਾਰ ਨੇ ਕਾਰ ਸੇਵਾ ਸੰਉਪ ਦਿੱਤੀ, ਜਿਸ ਕਰਕੇ ਸਿੱਖ ਸੰਗਤਾਂ ਨੇ ਮਾਇਕ ਤੌਰ ਤੇ ਕੋਈ ਸੇਵਾ ਨਹੀ ਕੀਤੀ, ਸਰਕਾਰ ਨੇ ਸਾਰਾ ਖਰਚਾ ਆਪ ਕੀਤਾ, ਸੰਤਾ ਸਿੰਘ ਨੂੰ ਵੀ ਸੇਵਾ ਕਰਨ ਦੇ ਪੈਸੇ ਮਿਲੇ। ਸਿੱਖ ਪੰਥ ਨੇ ਇਸ ਸਰਕਾਰੀ ਤਖਤ ਨੂੰ ਨਹੀ ਸਵੀਕਾਰ ਕੀਤਾ, ਪੰਥ ਵਿੱਚ ਰੋਸ ਸੀ ਕਿ ਹਮਲਾਵਰਾਂ ਦੀ ਬਣਾਈ ਹੋਈ ਇਮਾਰਤ ਸਾਡੀ ਅਣੱਖ ਨੂੰ ਵੰਗਾਰਦੀ ਹੈ, ਅਤੇ ਇਕ ਅਜ਼ਾਦ ਕੌਮ ਹੋਣ ਤੇ ਮੁੜ ਸਾਨੂੰ ਗੁਲਾਮੀ ਦਾ ਰਾਹ ਵਿਖਾਲਦੀ ਹੈ। ਸਿਖ ਸੰਗਤਾਂ ਨੇ ਰੋਸ ਵਿੱਚ ਐਲਾਨ ਕਰ ਦਿੱਤਾ ਕੇ ਪੰਥ ਹੀਂ ਆਪ ਮੁੜ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਕਰੂਗਾ।



ਕਾਰ ਸੇਵਾ ਸ੍ਰੀ ਅਕਾਲ ਤਖ਼ਤ ਸਾਹਿਬ



ਸਰਬੱਤ ਖਾਲਸਾ ੧੯੮੬

ਪੁਰਾਤਨ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ, ਜੋ ਕਿ ਉਸ ਵੇਲੇ ਅਕਾਲ ਬੁੰਗਾ ਦੇ ਨਾਮ ਤੇ ਪ੍ਰਚਲਤ ਸੀ। ਉਸ ਵੇਲੇ ਮੀਰੀ ਪੀਰੀ ਦੇ ਮਾਲਕ ਨੇ ਕਹਿਆ ਸੀ ਕਿ ਇਸ ਦੀ ਸਿਰਜਨਾ ਦੀ ਸੇਵਾ, ਇੱਕਲੇ ਅਕਾਲ ਦੇ ਪੂਜਾਰੀ ਕਰ ਸਕਦੇ ਹਨ, ਜਿਸ ਦੇ ਕਾਰਨ ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਮਹਾਰਾਜ ਦੇ ਨਾਲ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦਾ ਰਾਜਨੀਤਕ ਜਾਂ ਮੀਰੀ ਦੇ ਮਸਲਿਆ ਲਈ ਸ਼੍ਰੋਮਣੀ ਗੁਰਦੁਆਰਾ ਹੈ। ਇਹ ਸਿੱਖ ਪੰਥ ਦੀ ਅਜ਼ਾਦੀ ਅਤੇ ਇਕ ਵੱਖਰਾ ਪੰਥ ਦਾ ਪ੍ਰਤੀਕ ਹੈ।ਸੋ ਹਮਲਾਵਰਾਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਦਾਚਿਤ ਸਿੱਖ ਪੰਥ ਨਹੀਂ ਸਵੀਕਾਰ ਕਰ ਸਕਦਾ ਸੀ।

ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਅਰੰਭ ਹੋ ਗਈ, ਪਰ ਬਿਘਨ ਪੈਂਦੇ ਰਹੇ। ਮੁੜ ਉਸਾਰੀ ਕਦੇ ਆਰੰਭ ਅਤੇ ਕਦੇ ਰੁਕਾਵਟ (ਬੰਦ) ਦੇ ਤਰੀਕੇ ਨਾਲ ਚਲਦੀ ਰਹੀ ਅੰਤ ਵਿੱਚ ਬਾਬਾ ਜੀ ਨੇ ਆਪ ਉਸਾਰੀ ਦੀ ਜੁੰਮੇਵਾਰੀ ਸੰਭਾਲੀ ਅਤੇ ਸੇਵਾ ਸੰਪੂਰਨਤਾ ਵੱਲ ਨਿਰਵਿਘਨ ਵਧੇ।

ਸਿਖ ਸੰਘਰਸ਼ ਦੇ ਦਿਨਾਂ ਵਿੱਚ, ਦਮਦਮੀ ਟਕਸਾਲ ਦੇ ਮੁੱਖੀ ਹੋਣ ਸਦਕਾ ਬਾਬਾ ਜੀ ਨੇ ਕਈ ਜੁੱਝਾਰੂ ਜੱਥੇਬੰਦੀਆਂ ਨੂੰ, ਸੇਧ ਅਤਾ ਸਲਾਹ ਵੀ ਦਿੰਦੇ ਰਹੇ। ਬਾਬਾ ਜੀ ਨੇ ਕਈ ਰਾਜਨੀਤਕ ਅਤੇ ਖਾੜਕੂ ਜਥੇਬੰਦੀਆਂ ਦੀ ਮੀਟਿੰਗਾਂ ਵਿੱਚ ਵੀ ਗੁਪਤ ਅਤੇ ਪਰਗਟ ਰੂਪ ਵਿੱਚ ਭਾਗ ਲਿਆ। ਖਾੜਕੂ ਜਥੇਬੰਦੀਆਂ ਨੂੰ ਹਮਾਇਤ ਦਿੰਦੇ ਹੋਏ ਬਾਬਾ ਜੀ ਸ਼ਹੀਦ ਪਰਿਵਾਰਾਂ ਦੀ ਵੀ ਸੇਵਾ ਕਰਦੇ ਰਹੇ।



ਬਾਬਾ ਜੀ, ਸਟੇਜ ਉਤੇ ਬੈਠੇ ਹੋਏ, ਸਰਬੱਤ ਖਾਲਸਾ ੧੯੮੬

ਸ਼ਹੀਦ ਭਾਈ ਬੇਅੰਤ ਸਿੰਘ ਜੀ (ਜਿਨ੍ਹਾਂ ਨੇ ਇੰਦਰਾ ਗਾਂਧੀ ਨੂੰ ਮਾਰਿਆ ਸੀ) ਦੇ ਬੱਚਿਆਂ ਨੇ ੧੯੯੯ ਵਿੱਚ ਹੋਈ ਇੱਕ ਪ੍ਰੈਸ ਇੰਟਰਵਯੂ ਵਿੱਚ ਦੱਸਿਆ ਕਿ ਉਨ੍ਹਾਂ ਦੇ ਮਾਤਾ ਪਿਤਾ ਦੇ ਚਲਾਣੇ ਪਿੱਛੋਂ, ਬਾਬਾ ਠਾਕਰ ਸਿੰਘ ਜੀ ਅਤੇ ਦਮਦਮੀ ਟਕਸਾਲ ਨੇ ਹੀ ਉਨ੍ਹਾਂ ਨੂੰ ਮਾਇਕ ਸਹਾਇਤਾ ਦਿੱਤੀ ਅਤੇ ਮਨੋਬਲ ਬਣਾਈ ਰੱਖਿਆ।

ਮਾਤਾ ਹਰਮੀਤ ਕੌਰ ਜੀ ਸੁਪਤਨੀ ਸ਼ਹੀਦ ਭਾਈ ਅਮਰੀਕ ਸਿੰਘ ਜੀ (ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ) ਵੀ ਆਪਣੀ ਸਪੁਤ੍ਰੀ ਬੀਬੀ ਸਤਵੰਤ ਕੌਰ ਦੇ ਆਨੰਦ ਕਾਰਜ ਲਈ ਬਾਬਾ ਜੀ ਦੀ ਮਦੱਦ ਤੇ ਆਸ੍ਰਿਤ ਸਨ, ਇਨ੍ਹਾਂ ਵਿਆਹ ਦਾ ਸਾਰਾ ਬੰਦੋਬਸਤ ਕੀਤਾ। ਬਾਬਾ ਜੀ ਨੇ ਭਾਈ ਤਰਲੋਚਨ ਸਿੰਘ ਜੀ ਸਪੁਤਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਨੂੰ ਕਹਿਆ, "ਕਿ ਇੰਨੇ ਮਹਾਨ ਸ਼ਹੀਦ ਦਾ ਸਪੁੱਤਰ ਮੋਟਰਸਾਈਕਲ ਜਾਂ ਸਕੂਟਰ ਤੇ ਕਾਲਜ ਜਾਂਦਾ ਸ਼ੋਭਦਾ ਨਹੀਂ", ਉਸ ਨੂੰ ਨਵੀਂ ਕਾਰ ਲੈ ਕੇ ਦਿੱਤੀ। ਇਹ ਤਾਂ ਕੁਝ ਮਿਸਾਲਾਂ ਹਨ ਅਸਲ ਮਾਇਕ ਸਹਾਇਤਾ, ਮਨੋਵਿਗਿਆਨਕ ਅਤੇ ਸਰੀਰਕ ਸਹਾਇਤਾ ਬਾਰੇ ਤੇ ਸੰਬੰਧਤ ਪਰਿਵਾਰ ਹੀ ਜਾਂਣਦੇ ਹਨ।

ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਨਾ ਸ਼ਹੀਦ ਐਲਾਨ ਕਰਨ ਤੇ ਕਈ ਲੋਕਾਂ ਨੇ ਬਾਬਾ ਜੀ ਤੇ ਕਿੰਤੂ ਪ੍ਰੰਤੂ ਕੀਤਾ ਹੈ। ਅਤੇ ਕਈਆਂ ਨੇ ਦੋਸ਼ ਵੀ ਲਾਇਆ ਕਿ, ਇਸ ਦੇ ਕਾਰਨ ਕਈ ਸਿਖ ਸੰਤਾਂ ਦੀ ਉਡੀਕ ਵਿੱਚ ਬੈਠੇ ਰਹੇ, ਇਸਦੇ ਨਾਲ ਸਿਖ ਸੰਘਰਸ਼ ਨੂੰ ਬਹੁਤ ਠੇਸ ਪਹੁੰਚਾਇਆ। ਬਾਬਾ ਜੀ ਇਹ ਜਰੂਰ ਕਹਿੰਦੇ ਸਨ ਕਿ ਸੰਤ ਚੱੜਦੀ ਕੱਲਾਂ ਵਿੱਚ ਹਨ, ਅਤੇ ਆਪਨੇ ਆਪ ਨੂੰ ਕਾਰਜਕਾਰੀ ਮੁਖੀ ਮੰਨਦੇ ਸਨ। ਸੰਤ ਜੀ ਨੇ ਆਪਣੀਆਂ ਸਪੀਚਾਂ ਵਿੱਚ ਕਿਹਾ ਸੀ, ਕਿ ਜਿਸ ਵੇਲੇ ਭਾਰਤੀ ਫੌਜ਼ ਆਪਣੇ ਅਪਵਿਤਰ ਕਦਮ ਸ੍ਰੀ ਦਰਬਾਰ ਸਾਹਿਬ ਵਿੱਚ ਰੱਖਣ, ਸਿੱਖਾਂ ਨੂੰ ਕਿਸੇ ਹੁਕਮ ਜਾਂ ਸੰਦੇਸ਼ ਦੀ ਉਡੀਕ ਕਰਨ ਦੀ ਲੋੜ ਨਹੀਂ, ਉਹ ਹਥਿਆਰ ਚੁੱਕਣ ਅਤੇ ਜੋ ਲੋੜੀਂਦਾ ਹੋਵੇ ਬਿਨ੍ਹਾਂ ਦੇਰੀ ਤੇ ਕਰਨ।

ਇਸੇ ਤਰ੍ਹਾਂ ਮੰਨੇ ਪ੍ਰਮੰਨੇ ਆਗੂ ਜਿਵੇਂ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ, ਬਾਬਾ ਜੀ ਦੇ ਬਚਨਾਂ ਉਤੇ ਵਿਸ਼ਵਾਸ ਕਰਦੇ ਸਨ, ਇਸ ਗੱਲ ਦਾ ਜ਼ਿਕਰ ਇਤਿਹਾਸ ਬਣ ਚੁਕਾ ਹੈ, ਦੇਖੋ ਉਨ੍ਹਾਂ ਦੀਆਂ ਜੇਲ੍ਹ ਚਿੱਠੀਆਂ ਨਾਮੀ ਪੁਸਤਕ। ਉਹ ਬਾਬਾ ਜੀ ਦੇ ਬਚਨਾਂ ਤੇ ਵਿਸ਼ਵਾਸ ਕਰਦੇ ਸੀ, ਕਿ ਸੰਤ ਵਾਪਸ ਆਉਣ ਗਏ, ਉਹ ਆਪਣੇ ਕਰਤਵ ਦੀ ਪਾਲਨਾ ਕਰਨ ਤੋਂ ਪਿੱਛੇ ਨਹੀਂ ਹਟੇ। ਫਿਰ, ਜਿਹੜਾ ਦੋਸ਼ ਬਾਬਾ ਜੀ ਤੇ ਲੋਕੀ ਲਾਉਂਦੇ ਹਨ ਉਹ ਤਾਂ ਮੂਰਖਤਾਈ ਦੀ ਬਾਤ ਹੀਂ ਹੋਈ, ਨਾਲੇ ਬਾਬਾ ਜੀ ਤੇ ਉਹਨਾਂ ਦੇ ਪ੍ਰੇਮੀ ਸਿੰਘਾਂ ਦਾ ਬਹੁਤ ਵੱਡਾ ਭਾਗ ਸਿਖ ਸੰਘਰਸ਼ ਵਿੱਚ ਰਿਹਾ ਹੈ, ਜੋ ਹੁਣ ਵੀ ਜਾਰੀ ਹੈ।ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਬਾਬਾ ਜੀ ਦੇ ਬਹੁਤ ਨੇੜੇ ਸਨ, ਅਤੇ ਫਾਂਸੀ ਵੇਲੇ ਬਾਬਾ ਜੀ ਵੱਲੋਂ ਦਿੱਤੇ ਗਏ ਬਸਤਰ ਪਹਿਨਾਏ ਗਏ, ਉਨ੍ਹਾਂ ਲਈ ਮਾਨ ਅਤੇ ਸ਼ਰਧਾ ਦਾ ਪ੍ਰਤੀਕ ਸੀ।

ਸ਼ਹੀਦ ਭਾਈ ਜੋਗਿੰਦਰ ਸਿੰਘ ਹਰਚੋਵਾਲ ਨੂੰ ਕੇਂਦਰੀ ਰਿਜ਼ਰਵ ਪੋਲੀਸ ਨੇ ਗ੍ਰਿਫ਼ਤਾਰ ਕੀਤਾ ਅਤੇ ਉਹ ਪਠਾਨਕੋਟ ਜੇਲ੍ਹ ਵਿੱਚ ਗ੍ਰਿਫਤਾਰ ਸੀ। ਜਿਸ ਕਮਰੇ ਵਿੱਚ ਉਸ ਨੂੰ ਰਖਿਆ ਗਿਆ ਸੀ ਉਸ ਵਿੱਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਤਸਵੀਰ ਸੀ। ਇੱਕ ਦਿਨ ਉਸ ਨੇ ਤਸਵੀਰ ਵੱਲ ਦੇਖਿਆ ਤੇ ਬਾਬਾ ਜੀ ਅਤੇ ਮਹਿਤੇ ਦੀ ਯਾਦ ਆ ਗਈ। ਤਸਵੀਰ ਵੱਲ ਧਿਆਨ ਕਰਕੇ ਉਸ ਨੇ ਸੱਚੇ ਦਿਲੋਂ ਅਰਦਾਸ ਕੀਤੀ ਅਤੇ ਮਦਦ ਮੰਗੀ। ਉਸ ਨੇ ਸੋਚਿਆ ਕਿ ਸ਼ਾਇਦ ਉਸ ਨੂੰ ਸ਼ਹੀਦ ਕੀਤਾ ਜਾਵੇ, ਪਰ ਉਸ ਦੀ ਦਿਲ ਦੀ ਤਮੰਨਾ ਸੀ ਕਿ ਉਹ ਘਟੋ ਘੱਟ ਇਕ ਹੋਰ ਸਾਲ ਸਿੱਖ ਪੰਥ ਦੀ ਸੇਵਾ ਕਰ ਸਕੇ।



ਅਰਦਾਸ ਦੀ ਸਮਾਪਤੀ ਤੇ ਅਚਾਨਕ ਉਸ ਦੇ ਸਾਹਮਣੇ ਬਾਬਾ ਠਾਕੁਰ ਸਿੰਘ ਜੀ ਸਫੈਦ ਕਪੜਿਆ ਵਿੱਚ ਉਸ ਦੇ ਸਾਹਮਣੇ ਪ੍ਰਗਟ ਹੋ ਗਏ, ਤੇ ਹੱਥ ਵਿਚ ਮਿਆਨ ਤੋਂ ਬਾਹਰ ਕੱਢੀ ਕਿਰਪਾਨ ਲਈ ਸੀ। ਬਾਬਾ ਜੀ ਨੇ ਭਾਈ ਜੋਗਿੰਦਰ ਸਿੰਘ ਨੂੰ ਦੱਸਿਆ ਕਿ ਉਸਦੀ ਮੌਤ ਤਾਂ ਗੁਰੂ ਸਾਹਿਬ ਦੇ ਹੱਥ ਵਿੱਚ ਹੈ ਜਿਸ ਤਰ੍ਹਾਂ ਉਹ ਚਾਹੁਣਗੇ ਹੋਵੇਗਾ। ਫੇਰ ਬਾਬਾ ਜੀ ਨੇ ਉਸ ਨੂੰ ਜੇਲ੍ਹ ਵਿੱਚੋਂ ਦੌੜ ਜਾਣ ਲਈ ਆਖਿਆ ਅਤੇ ਦਸਿਆ ਕਿ ਨਿਗਰਾਨੀ ਵਾਲੇ ਉਸ ਨੂੰ ਰੋਕ ਨਹੀਂ ਸਕਣਗੇ।


ਉਸ ਵੇਲੇ ਜੇਲ੍ਹ ਦੇ ਨਿਗਰਾਨ ਬਾਹਰ ਤਾਸ਼ ਖੇਡ ਰਹੇ ਸਨ ਇਸ ਤਰ੍ਹਾਂ ਉਹ ਧਿਆਨ ਨਹੀਂ ਦੇ ਰਹੇ ਸਨ। ਭਾਈ ਜੋਗਿੰਦਰ ਸਿੰਘ ਨੇ ਕਮਰੇ ਦੇ ਦਰਵਾਜ਼ੇ ਤੇ ਹੱਥ ਰੱਖਿਆ ਤੇ ਉਹ ਹੈਰਾਨ ਰਹਿ ਗਿਆ ਜਦੋਂ ਦਰਵਾਜ਼ੇ ਦੇ ਹੱਥ ਰਖਣ ਨਾਲ ਦਰਵਾਜ਼ਾ ਖੁੱਲ੍ਹ ਗਿਆ। ਉਹ ਹੌਲੀ-ਹੌਲੀ ਤੁਰਨ ਲੱਗਾ ਅਤੇ ਇਹ ਸੋਚ ਕੇ, ਕਿ ਨਿਗਰਾਨ ਵਾਲੇ ਉਸ ਨੂੰ ਦੇਖ ਲੈਣਗੇ ਡਰ ਗਿਆ। ਉਸ ਸੋਚਿਆ ਕਿ ਨਿਗਰਾਨ ਵਾਲਿਆਂ ਦੇ ਪੁੱਛਣ ਤੇ ਉਹ ਪਾਖਾਨੇ ਬਾਰੇ ਕਹਿ ਦੇਵੇਗਾ। ਉਹ ਹੈਰਾਨ ਰਹਿ ਗਿਆ ਜਦੋਂ ਨਿਗਰਾਨ ਵਾਲਿਆਂ ਨੇ ਉਸ ਨੂੰ ਦੇਖਿਆ ਤਕ ਨਹੀਂ ਤੇ ਉਹ ਉਨ੍ਹਾਂ ਕੋਲੋਂ ਸਿੱਧਾ ਲੰਘ ਗਿਆ। ਜਦੋਂ ਉਹ ਜੇਲ੍ਹ ਦੀ ਬਾਹਰੀ ਕੰਧ ਕੋਲ ਪੁੱਜਿਆ, ਤਸੀਹੇ ਕਾਰਨ ਉਸ ਦਾ ਸਰੀਰ ਕੰਧ ਟੱਪਣ ਦੇ ਯੋਗ ਨਹੀਂ ਸੀ। ਅਚਾਨਕ ਤੇਜ਼ ਹਵਾ ਵੱਗਣ ਲੱਗੀ ਤੇ ਉਹ ਉਸ ਹਨੇਰੀ ਦੀ ਮਦਦ ਨਾਲ ਕੰਧ ਦੇ ਦੂਸਰੇ ਪਾਸੇ ਪਹੁੰਚ ਗਿਆ, ਜਿਵੇਂ ਉਸ ਨੂੰ ਕਿਸੇ ਨੇ ਉੱਥੇ ਆ ਸੁੱਟਿਆ ਹੋਵੇ।



ਬਾਹਰ ਵਾਰ ਇਸ ਸਥਾਨ ਤੇ ਹੋਰ ਨਿਗਰਾਨ ਬਲ ਤਾਇਨਾਤ ਸੀ ਪਰ ਕੋਈ ਉਸ ਨੂੰ ਨਹੀਂ ਦੇਖ ਸਕਿਆ। ਉਹ ਚਾਰ ਕੁ ਕਿਲੋਮੀਟਰ ਪੈਦਲ ਚਲ ਕੇ ਇੱਕ ਪਿੰਡ ਜਿਸ ਤੋਂ ਉਹ ਜਾਣੂ ਸੀ ਪਹੁੰਚਿਆ। ਪਿੰਡ ਵਿਚੋ ਕੁਛ ਮਾਇਆ ਉਧਾਰੀ ਲਈ ਤੇ ਸਿੱਧਾ ਮਹਿਤੇ ਲਈ ਚੱਲ ਪਿਆ। ਜਦੋਂ ਉਹ ਮਹਿਤੇ ਪੁੱਜਾ ਤਾਂ ਮੁਖ ਦਰਵਾਜੇ ਤੇ ਖਲੋਤੇ ਬਾਬਾ ਜੀ ਉਸ ਦੀ ਉਡੀਕ ਕਰ ਰਹੇ ਸਨ। ਬਾਬਾ ਜੀ ਨੇ ਉਸ ਦਾ ਹੱਥ ਫੜਿਆ ਤੇ ਸਿੱਧੇ ਆਪਣੇ ਕਮਰੇ ਵਿੱਚ ਲੈ ਗਏ, ਉਸ ਦਾ ਹਾਲ ਚਾਲ ਪੁੱਛਿਆ ਤੇ ਲੰਗਰ ਛਕਾਇਆ। ਜਦੋਂ ਭਾਈ ਜੋਗਿੰਦਰ ਸਿੰਘ ਨੇ ਜੇਲ੍ਹ ਵਾਲੀ ਹੱਡਬੀਤੀ ਸੁਣਾਈ ਤਾਂ ਬਾਬਾ ਜੀ ਨੇ ਉਸ ਦੀ ਜੇਲ੍ਹ ਵਿੱਚੋਂ ਨਿਕਲਣ ਲਈ ਕੀਤੀ ਸਹਾਇਤਾ ਨੂੰ ਨਿਮਰਤਾ ਪੂਰਵਕ ਅਸਵੀਕਾਰ ਕਰ ਦਿੱਤਾ। ਪਰ, ਭਾਈ ਜੋਗਿੰਦਰ ਸਿੰਘ ਸੱਚ ਜਾਣਦਾ ਸੀ ਤੇ ਉਸ ਨੇ ਹੋਰ ਗੁਰਸਿੱਖਾਂ ਨੂੰ ਦੱਸਿਆ ਕਿ ਕਿਵੇਂ ਉਸ ਦੀ ਮਦਦ ਕੀਤੀ ਗਈ। ਜਿਸ ਤਰ੍ਹਾਂ ਉਸ ਦੀ ਇੱਛਾ ਸੀ, ਉਸ ਨੇ ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲੇ ਕੁਛ ਸਮਾਂ ਹੋਰ ਪੰਥ ਦੀ ਸੇਵਾ ਕੀਤੀ।

ਬਾਬਾ ਜੀ ਹਮੇਸ਼ਾ ਹੀ ਇਕ ਭੋਲੇ ਗੁਰਮੁਖ ਵਾਂਗਰਾਂ ਪੇਸ਼ ਆਉਂਦੇ ਸਨ। ਗੁਰਮੁੱਖਾਂ ਦੇ ਗੁਣ ਇਸ ਪ੍ਰਕਾਰ ਹਨ;

ਗੁਰ ਸਿਖੀ ਗੁਰ ਸਿਖ ਸੁਣ ਅੰਦਰਿ ਸਿਆਣਾ ਬਾਹਰਿ ਭੋਲਾ॥
ਸਬਦ ਸੁਰਤਿ ਸਾਵਧਾਨ ਹੋ ਵਿਣ ਗੁਰ ਸਬਦ ਨ ਸੁਣਈ ਬੋਲਾ॥
(ਭਾਈ ਗੁਰਦਾਸ ਜੀ, ਵਾਰ ੪)



ਕੋਈ ਸੋਚ ਨਹੀਂ ਸਕਦਾ ਸੀ ਕਿ ਬਾਬਾ ਜੀ ਵੀ ਖਾੜਕੂਵਾਦ ਵਿੱਚ ਸ਼ਾਮਲ ਸਨ ਜਾ ਹਮਾਇਤੀ ਸਨ, ਉਹ ਤਾਂ ਇਕ ਸ਼ਾਂਤਮਈ ਮਹਾਪੁਰਖੁ ਦੇ ਪ੍ਰਤੀਕ ਲੱਗਦੇ ਸਨ, ਜਿੰਨ੍ਹਾਂ ਨੂੰ ਕੋਈ ਦੁਨਿਆਵੀ ਗੱਲ ਦਾ ਫਿਕਰ ਨਹੀਂ, ਅਤੇ ਨਾਮ ਵਿੱਚ ਮਸਤ ਹੀਂ ਰਹਿੰਦੇ ਹਨ।

ਪਰ ਜਿਹੜੇ ਗੁਰਸਿਖ ਖਾੜਕੂਵਾਦ ਵਿੱਚ ਸ਼ਾਮਲ ਸਨ ਜਾ ਜਿਹੜੇ ਅੱਜ ਵੀ ਸਿਖਾਂ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੇ ਹਨ, ਉਹਨਾਂ ਨੂੰ ਅਸਲੀਅਤ ਦਾ ਪਤਾ ਹੈ। ਜੇ ਤੁਸੀਂ ਇਹਨਾਂ ਗੱਲਾਂ ਦੇ ਚਾਹਵਾਨ ਹੋ, ਫਿਰ ਜਿਹੜੇ ਸਿੰਘ ਵਰਤਮਾਨ ਸਮੇ ਵਿਚ ਗ੍ਰਿਫਤਾਰ ਹੋਏ ਹਨ ਉਹਨਾਂ ਨੂੰ ਪੁਛ ਕੇ ਵੇਖੋ, ਤਾਂ ਉਹ ਆਪਨੀ ਹੱਢ-ਬੀਤੀ ਬਾਬਾ ਜੀ ਦੀ ਸੰਗਤ ਦੀਆਂ ਗੱਲਾਂ ਸਰਵਣ ਕਰਾਂ ਸਕਨ। ਪਰ, ਕਈ ਜਥੇਬੰਦੀਆਂ ਦੇ ਮੈਂਬਰਾਂ ਨਾਲ ਸੰਪਰਕ ਕਰਨਾ ਪਵੇਗਾ, ਕਿਉਂਕਿ ਬਾਬਾ ਜੀ ਦੀ ਪਹੁੰਚ ਬਹੁਤ ਵੱਡੀ ਹੈ, ਉਨ੍ਹਾਂ ਦੀ ਭਿੰਨਤਾ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਵੋਗੇ।

ਸੰਤ ਗਿਆਨੀ ਜਰਨੈਲ ਸਿੰਘ ਜੀ ਦੇ ਵਾਂਗ ਬਾਬਾ ਜੀ ਖੁਲ੍ਹ ਕੇ ਸਰਕਾਰ ਦੇ ਨਾਲ ਟਾਕਰਾ ਨਹੀਂ ਸੀ ਲੈਂਦੇ, ਸਗੋਂ ਬਹੁਤ ਘੱਟ ਬੋਲਦੇ ਸਨ। ਇਹੀ ਕਾਰਨ ਸੀ ਕੇ ਉਹ ਚੁਪਚਾਪ ਆਪਣਾ ਕੰਮ ਕਰੀ ਜਾਂਦੇ ਸਨ, ਜਦੋਂ ਕਿ ਸੰਤ ਜੀ ਹਕੂਮਤ ਨਾਲ ਸਿਧੇ ਤੌਰ ਤੇ ਹੱਕ ਲਈ ਜੂਝ ਰਹੇ ਸਨ। ਬਾਬਾ ਜੀ ਅਤੇ ਸੰਤ ਜੀ ਭਾਵੇਂ ਇਕੋ ਟੀਚੇ, ਤੇ ਸਿਖਾਂ ਨੂੰ ਆਜ਼ਾਦੀ ਦੇ ਹੱਕਾਂ ਦੇ ਧਾਰਨੀ ਸਨ ਪਰ ਉਨ੍ਹਾਂ ਦੀ ਅਗਵਾਈ ਦੇ ਢੰਗ ਵੱਖਰੇ ਵੱਖਰੇ ਸਨ।

ਇੱਕ ਸਿੱਖ ਜਿਹੜਾ ਖਾੜਕੂ ਗਤੀਵਿਧੀਆਂ ਵਿੱਚ ਸ਼ਾਮਲ ਸੀ, ਸਾਲ ੨੦੦੦ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਹਾਜ਼ਰ ਹੋਣ ਦਾ ਪਤਾ ਲੱਗਣ ਤੇ ਪੁਲਿਸ ਨੇ ਗੁਰਦੁਆਰਾ ਸਾਹਿਬ ਨੂੰ ਘੇਰ ਲਿਆ। ਬਾਬਾ ਜੀ ਰੋਹ ਵਿੱਚ ਆ ਗਏ ਅਤੇ ਪੁਲਿਸ ਨੂੰ ਝਿੜਕਦੇ ਹੋਏ ਬੋਲੇ "ਤੁਸੀਂ ਸੋਚ ਰਹੇ ਹੋ ਕਿ ਤੁਹਾਨੂੰ ਇਥੇ ਕੋਈ ਸ਼ੱਕੀ ਵਸਤੂ ਮਿਲੇਗੀ, ਜਿਥੇ ਤੁਸੀਂ ਚਾਹੋ ਦੇਖੋ ਸਿੰਘ ਕਮਰੇ ਖੋਲ ਦੇਣਗੇ" ਬਾਬਾ ਜੀ ਨੂੰ ਉਸ ਸਿੰਘ ਦੇ ਉੱਥੇ ਹੋਣ ਬਾਰੇ ਪਤਾ ਸੀ, ਉਸਨੂੰ ਗੁਰਦੁਆਰੇ ਦੇ ਪਿਛਵਾੜੇ ਵੱਲ ਲਿਜਾਇਆ ਗਿਆ ਜਿਥੋਂ ਉਹ ਬਿਨ੍ਹਾਂ ਕਿਸੇ ਨੁਕਸਾਨ ਦੇ ਪਿੰਡ ਦੀਆਂ ਗਲੀਆਂ ਵਿਚੋਂ ਬੱਚ ਨਿਕਲਿਆ।




ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਨੇ ਭਾਰਤ ਤੋਂ ਬਾਹਰ ਸਾਰੇ ਸੰਸਾਰ ਵਿੱਚ ਵੱਸਦੇ ਸਿੱਖਾਂ ਵਿੱਚ ਪੰਥਕ ਜਜਬਾਤ ਅਤੇ ਸਿੱਖ ਧਰਮ ਬਾਰੇ ਉਨ੍ਹਾਂ ਦੀਆਂ ਜੁੰਮੇਵਾਰੀਆਂ ਦਾ ਹਲੂਣਾ ਦਿੱਤਾ। ੧੯੮੫ ਵਿੱਚ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਇੰਗਲੈਂਡ ਵਿੱਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਨਾ ਕੀਤੀ। ਫੇਰ ਇਹ ਜਥੇਬੰਦੀ ਤਿੰਨ ਧੜਿਆਂ ਵਿੱਚ ਵੰਡੀ ਗਈ। ਜਦੋਂ ੧੯੯੬ ਵਿੱਚ ਬਾਬਾ ਜੀ ਪਹਿਲੀ ਵਾਰ ਇੰਗਲੈਂਡ ਆਏ ਤਾਂ ਤਿੰਨੇ ਧੜੇ ਜੋ ਇਕ ਦੂਜੇ ਦੇ ਵਿਰੋਧੀ ਸਨ, ਬਾਬਾ ਜੀ ਨੂੰ ਵੱਖਰੇ-ਵੱਖਰੇ ਤੌਰ ਤੇ ਮਿਲ ਕੇ ਸਿੱਖ ਮਸਲਿਆਂ ਦੀ ਚਰਚਾ ਕਰਦੇ ਸਨ।

ਇਕ ਐਸਾ ਸਮ੍ਹਾ ਆਇਆ ਜਦੋਂ ਤਿੰਨਾਂ ਜੱਥੇਬੰਦੀਆਂ ਨੇ ਦੂਸਰੀਆਂ ਜੱਥੇਬੰਦੀਆਂ ਜੋ ਰਾਜਨੀਤਿਕ ਅਤੇ ਵਿਚਾਰ ਦੇ ਆਧਾਰ ਤੇ, ਉਨ੍ਹਾਂ ਦੇ ਉਲਟ ਸਨ ਨੇ ਆਪਣੇ ਉਪਰ ਰਾਜਨੀਤਿਕ ਧਾਵੇ ਬਾਰੇ ਦੱਸਿਆ। ਬਾਬਾ ਜੀ ਨੇ ਉਨ੍ਹਾਂ ਨੂੰ ਆਖਿਆ ਜਦੋਂ ਤੱਕ ਤੁਹਾਡੀ ਇਕ ਆਵਾਜ਼ ਨਹੀਂ ਹੁੰਦੀ ਤੁਹਾਡੇ ਤੇ ਹਮਲੇ ਹੁੰਦੇ ਹੀ ਰਹਿਣਗੇ। ਤਿੰਨਾਂ ਧੜਿਆਂ ਨੇ ਬਾਬਾ ਜੀ ਦੀ ਅਗਵਾਈ ਵਿੱਚ ਚਰਚਾ ਕੀਤੀ ਅਤੇ ਮੁੜ ਏਕਤਾ ਹੋਈ ਜੋ ਅੱਜ ਤੱਕ ਚਾਲੂ ਹੈ।


ਬਾਬਾ ਜੀ ਦੀ ਅਗਵਾਈ ਵਿੱਚ ਦੋ ਹੋਰ ਗੁਰਦੁਆਰਿਆਂ ਦਾ ਨਿਰਮਾਣ ਹੋਇਆ। ਅੰਮ੍ਰਿਤਸਰ ਵਿਖੇ ੧੯੭੮ ਵਿੱਚ ਨਕਲੀ ਨਿਰੰਕਾਰੀਆਂ ਨਾਲ ਮੁਕਾਬਲੇ ਵਿੱਚ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਬੀ-ਬਲਾਕ ਵਿਖੇ। ਸੰਗਤਾਂ ਦੀ ਸੁਖ ਸੁਵਿਧਾ ਲਈ ਕੀਰਤਪੁਰ ਸਾਹਿਬ ਸੜਕ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਉਸਾਰਿਆ ਗਿਆ ਹੈ।

## ਦਮਦਮੀ ਟਕਸਾਲ-ਇੱਕ ਵਿਦਿਅਕ ਅਦਾਰਾ

ਦਮਦਮੀ ਟਕਸਾਲ ਸਿੱਖ ਪ੍ਰੰਪਰਾਵਾਂ ਅਤੇ ਸਿਧਾਂਤਾਂ ਦੀ ਸਿੱਖਿਆ ਦੇਣ ਵਾਲੀ ਇਕ ਮਹਾਨ ਪਾਠਸ਼ਾਲਾ ਹੈ। ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਪਹਿਲੇ ਉਨ੍ਹਾਂ ਨੂੰ ਗੁਰਮੁਖੀ ਵਿੱਚ ਪ੍ਰਪੱਕ ਕੀਤਾ ਜਾਂਦਾ ਹੈ ਫੇਰ ਉਹ ਗੁਰਬਾਣੀ ਦੀ ਸੰਥਿਆ ਲੈਂਦਾ ਹੈ ਅਤੇ ਅੰਤ ਵਿੱਚ ਗ੍ਰੰਥੀ, ਰਾਗੀ, ਕਥਾ ਵਾਚਕ ਜਾਂ ਢਾਡੀ ਵਜੋਂ ਸਿੱਖਿਆ ਪ੍ਰਾਪਤ ਕਰਦਾ ਹੈ। ਵਿਦਿਆਰਥੀ ਜਦੋਂ ਵਿਦਿਆ ਪ੍ਰਾਪਤ ਕਰ ਰਹੇ ਹੁੰਦੇ ਹਨ, ਸਿਖੀ ਸਿਧਾਂਤਾਂ ਦੇ ਆਸ਼ੇ ਅਨੁਸਾਰ ਜ਼ਿੰਦਗੀ ਬਤੀਤ ਕਰਨਾ, ਦੀਵਾਨਾਂ ਵਿੱਚ ਹਾਜ਼ਰੀ ਭਰਨਾ ਅਤੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨਾ ਜ਼ਰੂਰੀ ਹੁੰਦਾ ਸੀ।



੧੯੯੨ ਤੋਂ ਪਿੱਛੋਂ ਜਦੋਂ ਆਜ਼ਾਦੀ ਲਈ ਸਿੱਖਾਂ ਦੀ ਸੰਘਰਸ਼ ਨੂੰ ਬਹੁਤੀ ਠੱਲ ਪਈ ਤਾਂ ਦਮਦਮੀ ਟਕਸਾਲ ਨੇ ਉਪਰੋਕਤ ਸੰਬੰਧੀ ਸਿੱਖਿਆ ਦੇਣ ਦਾ ਆਪਣਾ ਮੁੱਖ ਮੰਤਵ ਫੇਰ ਅਪਨਾਇਆ। ਬਾਬਾ ਜੀ ਦੀ ਅਗਵਾਈ ਵਿੱਚ ਬਹੁਤ ਸਾਰੇ ਸਿੰਘਾਂ ਨੇ ਗ੍ਰੰਥੀ, ਕਥਾਵਾਚਕ, ਅਤੇ ਕੀਰਤਨੀਆਂ ਵਜੋਂ ਸਿਖਿਆ ਪ੍ਰਾਪਤ ਕੀਤੀ।ਟਕਸਾਲ ਵਲੋਂ ੧੯੯੬ ਤੋਂ ੨੦੦੪ ਤੱਕ, ਤਕਰੀਬਨ ੨੫੦ ਵਿਦਿਆਰਥੀਆਂ ਨੇ ਹਰ ਸਾਲ ਵਿਦਿਆ ਪ੍ਰਾਪਤ ਕੀਤੀ। ਭਾਰਤ ਅਤੇ ਸਮੁੱਚੇ ਸੰਸਾਰ ਵਿੱਚ ਗੁਰਮਤਿ ਪ੍ਰਚਾਰ ਲਈ ਸਿੰਘਾਂ ਦੇ ਜੱਥੇ ਭੇਜੇ ਗਏ ਅਤੇ ਅੰਮ੍ਰਿਤ ਸੰਚਾਰ ਕੀਤੇ ਗਏ। ਬੇਅੰਤ ਸਿੰਘਾਂ ਨੂੰ ਵਿਦਿਆ ਦੇ ਕੇ ਬਾਬਾ ਜੀ ਨੇ ਇਸ ਤਰ੍ਹਾਂ ਸਿੱਖੀ ਦਾ ਪ੍ਰਚਾਰ ਕੀਤਾ। ਸੰਸਾਰ ਭਰ ਵਿੱਚ ਬਹੁਤੇ ਗਿਆਨੀ, ਕੀਰਤਨੀਏ ਅਤੇ ਗ੍ਰੰਥੀ ਇਸ ਦਾ ਪ੍ਰਤੱਖ ਸਬੂਤ ਹਨ।



੧੯੯੯ ਵਿੱਚ ਬਹੁਤ ਸਾਰੇ ਅੰਮ੍ਰਿਤ ਸੰਚਾਰ ਕੀਤੇ ਗਏ ਤੇ ਅੰਮ੍ਰਿਤ ਛਕਣ ਵਾਲੇ ਅਭਿਲਾਖੀਆਂ ਨੇ ਕੰਧਾਂ ਵਿੱਚੋਂ ਅੰਮ੍ਰਿਤ ਦੇ ਸੋਮੇ ਨਿਕਲਨ ਦੇ ਕਰਾਮਾਤੀ ਨਜ਼ਾਰੇ ਵੇਖੇ। ਬਾਬਾ ਜੀ ਦੀ ਅਗਵਾਈ ਵੇਲੇ ਬਹੁਤੀ ਵਾਰੀ ਇਸ ਤਰ੍ਹਾਂ ਹੋਇਆ ਪਰ ੧੯੯੯ ਵਿੱਚ ਇਹ ਆਮ ਹੀ ਹੋਇਆ ਕਰਦਾ ਸੀ। ਬਾਬਾ ਜੀ ਇਹ ਨਿਸ਼ਚਿਤ ਕਰ ਲੈਂਦੇ ਸਨ ਕਿ ਅੰਮ੍ਰਿਤ ਸੰਚਾਰ ਕਰਨ ਵਾਲੇ ਸਿੰਘ ਸਿੱਖ ਰਹਿਤ ਮਰਯਾਦਾ ਵਿੱਚ ਪ੍ਰਪੱਕ ਹੋਣ ਅਤੇ ਕਈ ਵਾਰੀ ਉਨ੍ਹਾਂ ਨੂੰ ਗਿਣਤੀ ਅਨੁਸਾਰ ਗੁਰਬਾਣੀ ਦੇ ਪਾਠ ਕਰਨ ਦੀ ਆਗਿਆ ਵੀ ਦਿੰਦੇ ਸਨ। ਸ੍ਰੀ ਹਜ਼ੂਰ ਸਾਹਿਬ ਦੀ ਇੱਕ ਯਾਤਰਾ ਵੇਲੇ ਉਨ੍ਹਾਂ ਨੇ ਸਾਰੇ ਸਿੰਘਾਂ ਨੂੰ ਹਰ ਰੋਜ਼ ੨੫ ਜਪੁਜੀ ਸਾਹਿਬ ਦੇ ਪਾਠ ਕਰਨ ਦੀ ਆਗਿਆ ਕੀਤੀ ਤੇ ਕਿਹਾ ਜੋ ਉਹ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਕੋਹੜ ਹੋ ਜਾਵੇਗਾ। ਇੱਕ ਸਿੰਘ, ਜੋ ਅੰਮ੍ਰਿਤ ਸੰਚਾਰਾਂ ਦੀ ਸੇਵਾ ਕਰਦਾ ਹੁੰਦਾ ਸੀ, ਉਸ ਨੇ ਪੂਰੇ ੨੫ ਜਪੁਜੀ ਸਾਹਿਬ ਦੇ ਪਾਠ ਨਹੀਂ ਕੀਤੇ ਤੇ ਕੁਛ ਸਿੰਘਾਂ ਨੂੰ ਉਸ ਦੇ ਇਸ ਤਰ੍ਹਾਂ ਕਰਨ ਤੇ ਸ਼ੱਕ ਹੋਇਆ। ਉਨ੍ਹਾਂ ਦੇ ਪੁੱਛਣ ਤੇ ਉਸ ਨੇ ਸਿੱਧਾ ਜੁਆਬ ਦਿੱਤਾ ਤੇ ਉਨ੍ਹਾਂ ਉਸ ਨੂੰ ਬਾਬਾ ਜੀ ਦੀ ਆਗਿਆ ਦੀ ਪਾਲਣਾ ਲਈ ਆਖਿਆ। ਕੁਛ ਦਿਨਾਂ ਪਿੱਛੋਂ ਉਸ ਦੀ ਚਮੜੀ ਵਿੱਚ ਆਇਆ ਬਦਲਾਉ ਉਨ੍ਹਾਂ ਦੇ ਧਿਆਨ ਵਿੱਚ ਆਇਆ। ਫੇਰ ਉਹ ਉਸ ਨਾਲ ਗੁੱਸੇ ਹੋਏ ਤੇ ਆਖਿਆ ਤੈਨੂੰ ਕੋਹੜ ਹੋ ਰਿਹਾ ਹੈ, ਵਕਤ ਬਰਬਾਦ ਨ ਕਰ ਤੇ ਜਪੁਜੀ ਸਾਹਿਬ ਦੇ ਜਿੰਨੇ ਪਾਠ ਤੂੰ ਛੱਡੇ ਹਨ ਪੂਰੇ ਕਰ। ਓਹ ਇਸ ਤਰ੍ਹਾਂ ਕਰਕੇ ਪੂਰਨ ਤੌਰ ਤੇ ਰੋਗ ਮੁਕਤ ਹੋ ਗਿਆ।

ਬਾਬਾ ਜੀ ਦੇ ਬਹੁਤ ਘੱਟ ਬੋਲਣ ਕਾਰਨ ਕਈ ਲੋਕ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਜਾਣਕਾਰੀ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਸਨ। ਗੁਰਬਾਣੀ ਦਾ ਫੁਰਮਾਨ ਹੈ:-

ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥
(ਧਨਾਸਰੀ ਮਹਲਾ ੧, ੬੬੧)

ਗੁਰਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ॥
(ਭਾਈ ਗੁਰਦਾਸ ਜੀ, ਵਾਰ ੩੨)

ਬਾਬਾ ਜੀ ਵਲੋਂ ਆਪ ਗੁਰਸਿੱਖਾਂ ਨੂੰ ਸਿੱਖਿਆ ਨਾ ਦੇਣ ਬਾਰੇ ਕਈ ਅਲੋਚਕ ਕਹਿੰਦੇ ਸਨ, ਪਰ ਜੋ ਬਾਬਾ ਜੀ ਦੇ ਸੰਪਰਕ ਵਿੱਚ ਆਏ ਤੇ ਉਨ੍ਹਾਂ ਦੀ ਸੰਗਤ ਦੇ ਭਾਗੀ ਬਣੇ, ਆਪਣੇ ਸਾਹਮਣੇ ਇੱਕ ਗੁਰਸਿੱਖ ਦੀ ਜੀਵਨ ਸ਼ੈਲੀ ਤੋਂ ਪ੍ਰਭਾਵਤ ਹੋ ਕੇ ਬਹੁਤ ਕੁਝ ਸਿੱਖ ਲੈਂਦੇ ਸਨ। ਜਿਹੜੇ ਬਾਬਾ ਜੀ ਤੋਂ ਸਿੱਖਿਆ ਲੈਣ ਦੇ ਇੱਛੁਕ ਹੁੰਦੇ ਸੀ, ਬਾਬਾ ਜੀ ਉਨ੍ਹਾਂ ਨੂੰ ਸਿੱਖਿਆ ਦੇ ਦੇਂਦੇ ਸਨ। ਬਾਬਾ ਜੀ ਦੀ ਸੰਗਤ ਕਰਨ ਵਾਲਿਆਂ ਨੂੰ ਰੋਜ਼ ਨਵੀਂ ਸਿੱਖਿਆ ਮਿਲਦੀ। ਉਨ੍ਹਾਂ ਦੀ ਸੰਗਤ ਵਿੱਚ ਇੱਕ ਦਿਨ ਹੀ ਇਕ ਸਾਧਾਰਨ ਵਿਅਕਤੀ ਨੂੰ ਥਕਾ ਦੇਂਦਾ ਸੀ। ਬਾਬਾ ਜੀ ਦੀ ਸੰਗਤ ਵਿੱਚ ਬਿਨ੍ਹਾਂ ਰੁਕੇ ਗੁਰਬਾਣੀ ਦਾ ਜਾਪ ਕਰਨਾ ਹੀ ਉਨ੍ਹਾਂ ਦਾ ਟੀਚਾ ਸੀ ਤੇ ਉਹ ਸਮੇਂ ਨੂੰ ਗੱਲਾਂ ਵਿੱਚ ਵਿਅਰਥ ਗੁਆਉਣ ਦੀ ਥਾਂ, ਭਗਤੀ ਵਿੱਚ ਲੀਨ ਰਹਿੰਦੇ ਸਨ।

ਇਕ ਗੁਰਸਿੱਖ ਨੇ ਬਾਬਾ ਜੀ ਤੋਂ ਸੰਥਿਆ ਲਈ ਤੇ ਹੋਰ ਕਈ ਬਾਬਾ ਜੀ ਤੋਂ ਸੰਥਿਆ ਲੈਣ ਬਾਰੇ ਸੋਚਦੇ ਸਨ ਪਰ ਪਾਠ ਕਰਨ ਦੀ ਵਿਧੀ, ਜਾਪ ਦੇ ਸਤਰ ਅਤੇ ਬਾਬਾ ਜੀ ਦੇ ਆਦੇਸ਼ਾਂ ਦੀ ਸਖਤਾਈ ਤੋਂ ਡਰਦੇ ਸਨ। ਉਹ ਵਿਦਿਆਰਥੀਆਂ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ ਬਰਦਾਸ਼ਤ ਨਹੀਂ ਕਰਦੇ ਸਨ। ਗੁਰਬਾਣੀ ਪਾਠ ਦਰਪਨ ਨਾਮੀ ਪੋਥੀ ਵਿੱਚ ਸੰਥਿਆ ਲੈਣ ਬਾਰੇ ਟਕਸਾਲੀ ਮਰਿਯਾਦਾ ਦਰਜ ਹੈ, ਜਿਸ ਅਨੁਸਾਰ ਸੰਥਿਆ ਲੈਣ ਵਾਲੇ ਵਿਦਿਆਰਥੀ ਨੂੰ ਗੁਰਬਾਣੀ ਪਾਠ ਦਰਪਨ ਦੇ ਸੰਬੰਧਤ ਭਾਗ ਨੂੰ ੨੫ ਵਾਰੀ ਪੜ੍ਹਨਾ ਹੁੰਦਾ ਹੈ (ਇਹ ਉਚਾਰਨ ਦੀ ਸ਼ੁਧਤਾ ਅਤੇ ਵਿਸ਼ਰਾਮ ਲੈਣ ਲਈ ਹੈ) ਅਤੇ ਫੇਰ ਗੁਰਬਾਣੀ ਪਾਠ ਦੀ ਸੰਥਿਆ ੨੫ ਵਾਰੀ ਵਾਰੀ ਪੜ੍ਹਨਾ ਹੁੰਦਾ ਹੈ। ਮਿਸਾਲ ਲਈ ਜੇ ਕੋਈ ਗੁਰੂ ਗ੍ਰੰਥ ਸਾਹਿਬ ਦੇ ਦਸ ਅੰਗਾਂ ਦੀ ਸੰਥਿਆ ਰੋਜ਼ ਦੇ ਹਿਸਾਬ ਨਾਲ ਲੈਂਦਾ ਹੈ, ਤਾਂ ਇਸ ਤਰ੍ਹਾਂ ਇਕ ਸਧਾਰਨ ਮਨੁੱਖ ਨੂੰ ੬-੮ ਘੰਟੇ ਲੱਗਣਗੇ। ਪਰ ਬਾਬਾ ਜੀ ਤੋਂ ਸੰਥਿਆ ਲੈਣੀ ਹੋਰ ਵੀ ਕਠਨ ਸੀ। ਜੋ ਗੁਰਮੁਖ ਬਾਬਾ ਜੀ ਤੋਂ ਸੰਥਿਆ ਲੈਂਦੇ ਸੀ, ਉਹਨਾਂ ਨੂੰ ਬਾਬਾ ਜੀ ੨-੩ ਅੰਗ ਹੀ ਪੜ੍ਹਾ ਕੇ ੨-੩ ਅੰਗਾਂ ਦੀ ਪੜ੍ਹਾਈ ਤਕਰੀਬਨ ੮ ਘੰਟੇ ਕਰਨ ਪਿਛੋਂ ਦੂਸਰੇ ਦਿਨ ਅਗਲੇ ਸਬਕ ਲਈ ਹਾਜ਼ਰੀ ਭਰਨੀ ਪੈਂਦੀ ਸੀ। ਇਸ ਤਰ੍ਹਾਂ ਉਹ ਗੁਰਸਿੱਖ ਵੀ ਜੋ ਨੇਮ ਅਨੁਸਾਰ ਬਾਬਾ ਜੀ ਨੂੰ ਰੋਜ਼ ਗੁਰਬਾਣੀ ਦਾ ਪਾਠ ਕਰਕੇ ਸੁਣਾਉਂਦੇ ਸਨ, ਬਾਬਾ ਜੀ ਉਨ੍ਹਾਂ ਦੀਆਂ ਪਾਠ ਵਿਚ ਸੁਧਾਈ ਬਾਰੇ ਦਸਦ ਸਨ। ਇਸ ਤਰ੍ਹਾਂ ਇੱਕ ਸਿੰਘ ਨੂੰ ਜਾਪੁ ਸਾਹਿਬ ਦੇ ਉਚਾਰਨ ਵਿੱਚ ਛੋਟੀਆਂ-ਛੋਟੀਆਂ ਤਰੁਟੀਆਂ ਲਈ, ਉਸ ਨੂੰ ੧੦੦ ਵਾਰੀ ਪਾਠ ਕਰਨ ਦੇ ਆਦੇਸ਼ ਦਿੱਤੇ ਗਏ।



ਰਾਜਨੀਤਿਕ ਪਾਰਟੀਆਂ ਵਲੋਂ ਸਿੱਖ ਮਸਲਿਆਂ ਵਿੱਚ ਦਖਲ ਦੇਣ (ਜੋ ਕਿ ਗੁਰੂ ਸਾਹਿਬ ਦੇ ਆਸ਼ੇ ਉਨਸਾਰ ਨਹੀਂ ਚਲਦੀਆਂ), ਤੇ ਖਾਸ ਤੌਰ ਤੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਦਮਦਮੀ ਟਕਸਾਲ ਇਸ ਤਰਾਂ ਦੀਆਂ ਜੱਥੇਬੰਦੀਆਂ ਦੇ ਵਿਰੁਧ ਰਹੀ ਹੈ। ਬਹੁਤੇ ਸਿੱਖ ਇਸ ਦੇ ਹਾਮੀ ਸਨ ਅਤੇ ਇਸ ਨੂੰ ਰਾਜਨੀਤਿਕ ਬਲ ਦੇਣ ਲਈ ਬਾਬਾ ਜੀ ਨੇ ਸੰਤ ਸਮਾਜ ਦੀ ਸਥਾਪਨਾ ਕੀਤੀ।


ਸੰਤ ਸਮਾਜ ਮਹਾਪਰਖਾਂ ਅਤੇ ਪੁਰਾਤਨ ਸੰਪਰਦਾਵਾਂ ਦਾ ਸੁਮੇਲ ਸੀ, ਸਿਖੀ ਪ੍ਰਚਾਰ ਕਰਨ ਵਾਸਤੇ ਇਹ ਜਥੇਬੰਦ ਹੋਏ ਜਿਸ ਨਾਲ ਇਕੱਠੇ ਹੋਕੇ ਵਧੇਰੇ ਪ੍ਰਚਾਰ ਹੋ ਸਕੇ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ (ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ) ਨਾਲ ਬਾਬਾ ਜੀ ਦੇ ਹੁੰਦੇ ਹੋਏ ਸੰਤ ਸਮਾਜ ਨਾਲ ਖਾਸ ਨੇੜਤਾ ਸੀ। ਜੇ ਕੋਈ ਨਿਰਨੇ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਿਆਰ ਹੁੰਦੀ ਤਾਂ ਸੰਤ ਸਮਾਜ ਆਪਣੀ ਸਲਾਹ ਦਿੰਦਾ ਸੀ ਅਤੇ ਇਹਨਾਂ ਦਾ ਬੋਲ ਬਾਲਾ ਹੋਣ ਕਰਕੇ ਇਹ ਇੱਕ ਵੱਖਰੀ ਤਾਕਤ ਦੇ ਰੂਪ ਵਿਚ ਪਹਿਚਾਣੇ ਜਾਂਦੇ ਸੀ। ਅਫਸੋਸ ਹੈ ਕਿ ਬਾਬਾ ਜੀ ਦੇ ਚਲਾਣੇ ਪਿਛੋਂ ਇਨ੍ਹਾਂ ਦੀ ਏਕਤਾ ਨਹੀਂ ਰਹੀ ਤੇ ਅਗਵਾਈ ਦੀ ਘਾਟ ਵੀ ਆ ਗਈ।

## ਗੁਰਬਾਣੀ ਦਾ ਸਤਿਕਾਰ

ਜਦੋਂ ਬਾਬਾ ਜੀ ਅਜੇ ਛੋਟੀ ਉਮਰ ਦੇ ਹੀ ਸਨ ਤਾਂ ਪਿੰਡ ਵਿੱਚ ਹਰ ਕਿਸੇ ਨੇ ਉਨ੍ਹਾਂ ਨੂੰ ਪਿੰਡ ਦੇ ਹੋਰ ਸਾਧਾਰਨ ਬੱਚਿਆਂ ਤੋਂ ਵੱਖਰਾ ਹੀ ਪਹਿਚਾਨਿਆ। ਆਪਣਾ ਸਮਾਂ ਖੇਡਾਂ ਵਿਚ ਜਾਂ ਗੱਲਾਂ ਵਿੱਚ ਬਿਤਾਉਣ ਦੀ ਥਾਂ ਬਾਬਾ ਜੀ ਹਮੇਸ਼ਾ ਆਪਣੇ ਆਪ ਨੂੰ ਸੇਵਾ ਅਤੇ ਨਾਮ ਸਿਮਰਨ ਨਾਲ ਜੋੜੀ ਰਖਦੇ। ਇੱਕ ਦਿਨ ਜਦੋਂ ਪਿੰਡ ਦੇ ਬੱਚੇ ਬਾਹਰ ਖੇਡ ਰਹੇ ਸਨ, ਪਿੰਡ ਦੇ ਕੁਛ ਵਸਨੀਕਾਂ ਨੇ ਦੇਖਿਆ ਕਿ ਬਾਬਾ ਜੀ ਲਕੜੀ ਦੇ ਕੁਛ ਫੱਟੇ ਚੁੱਕੀ ਲਿਆਉਂਦੇ ਨੇ। ਉਹ ਸੋਚੀਂ ਪੈ ਗਏ ਕਿ ਬਾਬਾ ਜੀ ਕੀ ਕਰ ਰਹੇ ਹਨ।



ਨਿਰੰਤਰ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਹੋਇਆਂ ਬਾਬਾ ਜੀ ਨੇ, ਔਜ਼ਾਰ ਕਿਤੋਂ ਮੰਗ ਕੇ ਲੈ ਆਏ ਅਤੇ ਲਿਆਂਦੀ ਹੋਈ ਲਕੜੀ ਤੇ ਕੰਮ ਸ਼ੁਰੂ ਕਰ ਦਿੱਤਾ। ਕੁਛ ਦਿਨਾਂ ਪਿਛੋਂ ਪਿੰਡ ਵਾਲਿਆਂ ਨੇ ਜੋ ਉਨ੍ਹਾਂ ਤੇ ਜ਼ਰ ਰੱਖੀ ਬੈਠੇ ਸਨ, ਕਿ ਉਹ ਕੀ ਕਰ ਰਹੇ ਹਨ, ਨੇ ਦੇਖਿਆ ਕਿ ਉਨ੍ਹਾਂ ਮੰਜੀ ਸਾਹਿਬ ਬਣਾ ਲਈ ਹੈ। ਬਾਬਾ ਜੀ ਮੰਜੀ ਸਾਹਿਬ ਆਪਣੇ ਘਰ ਲੈ ਗਏ।



ਮੰਜੀ ਸਾਹਿਬ ਤੇ ਉਨ੍ਹਾਂ ਨਵਾਂ ਕਪੜਾ ਵਿਛਾਇਆ ਤੇ ਨਵੇਂ ਰੁਮਾਲੇ ਵੀ ਰੱਖੇ। ਜਦੋਂ ਉਹ ਇਹ ਸਭ ਕੁਛ ਕਰ ਚੁੱਕੇ ਤਾਂ ਉਨ੍ਹਾਂ ਸਿੰਘਾਸਨ ਤੇ ਗੁਟਕਾ ਸਾਹਿਬ ਦਾ ਪ੍ਰਕਾਸ਼ ਕੀਤਾ। ਮਾਤਾ ਪ੍ਰੇਮ ਕੌਰ ਜੀ ਦੀ ਸਹਾਇਤਾ ਨਾਲ ਉਨ੍ਹਾਂ ਕੁਛ ਮਠਿਆਈਆਂ ਬਣਾਈਆਂ। ਬਾਬਾ ਜੀ ਨੇ ਫੇਰ ਪਿੰਡ ਦੇ ਬੱਚਿਆਂ ਨੂੰ ਆਪਣੇ ਘਰ ਸੱਦਿਆ।ਆਖਰ ਬੱਚੇ ਵੀ, ਬਾਬਾ ਜੀ ਬਾਰੇ ਜਾਨਣ ਲਈ ਉਤਸੁਕ ਸਨ ਕਿ ਉਹ ਕੀ ਕਰਦੇ ਨੇ। ਬਾਬਾ ਜੀ ਦੇ ਸੱਦੇ ਤੇ ਉਹ ਤਕਰੀਬਨ ਸਾਰੇ ਹੀ ਉਨ੍ਹਾਂ ਦੇ ਘਰ ਪਹੁੰਚੇ। ਜਿਵੇਂ ਹੀ ਉਹ ਬਾਬਾ ਜੀ ਦੇ ਘਰ ਪਹੁੰਚੇ, ਬਾਬਾ ਜੀ ਨੇ ਉਨ੍ਹਾਂ ਨੂੰ ਬੂਟ ਉਤਾਰਨ, ਹੱਥ, ਪੈਰ ਅਤੇ ਮੂੰਹ ਪਾਣੀ ਨਾਲ ਧੋਣ ਨੂੰ ਕਿਹਾ, ਬਾਬਾ ਜੀ ਨੇ ਆਪ ਪਾਣੀ ਦੀ ਸੇਵਾ ਕੀਤੀ ਜਗ ਲਿਆ ਕੇ। ਉਹ ਫੇਰ ਉਨ੍ਹਾਂ ਨੂੰ ਅੰਦਰ ਲੈ ਗਏ ਅਤੇ ਉਨ੍ਹਾਂ ਨੇ ਗੁਰੂ (ਗੁਟਕਾ/ਗੁਰਬਾਣੀ) ਨੂੰ ਮੱਥਾ ਟੇਕਣ ਲਈ ਆਖਿਆ। ਸਾਰੇ ਬੱਚਿਆਂ ਨੇ ਗੁਰੂ ਦਰਸ਼ਨ ਕਰਨ ਉਪਰੰਤ, ਉਨ੍ਹਾਂ ਤੋਂ ਕੁਛ ਦੇਰ ਗੁਰਬਾਣੀ ਦਾ ਜਾਪ ਕਰਵਾਇਆ ਤੇ ਫੇਰ ਜੋ ਮਠਿਆਈ ਉਨ੍ਹਾਂ ਆਪਣੇ ਮਾਤਾ ਜੀ ਦੀ ਸਹਾਇਤਾ ਨਾਲ ਬਣਾਈ ਸੀ ਵੰਡਣ ਲੱਗ ਪਏ।

ਬਾਬਾ ਜੀ ਦੀ ਸੰਗਤ ਕਰਨ ਵਾਲੇ ਵਡਭਾਗੇ ਗੁਰਸਿੱਖਾਂ ਨੂੰ ਗੁਰਬਾਣੀ ਦਾ ਸਤਿਕਾਰ ਕਰਨ ਹਿੱਤ ਹੇਠ ਲਿਖੇ ਅਨੁਸਾਰ ਗਿਆਨ ਪ੍ਰਦਾਨ ਕੀਤਾ:

੧. ਗੁਰਬਾਣੀ ਹਮੇਸ਼ਾ ਉੱਚੀ ਥਾਂ ਤੇ ਬੈਠ ਕੇ ਪੜ੍ਹੋ। ਮਿਸਾਲ ਲਈ ਜੇ ਤੁਸੀਂ ਆਪਣੀ ਬੈਠਕ ਵਿੱਚ ਪੜ੍ਹ ਰਹੇ ਹੋ ਤਾਂ ਸੋਫਾ, ਜੋ ਧਰਤੀ ਤੇ ਕਾਫੀ ਉੱਚਾ ਹੈ, ਤੇ ਬੈਠ ਕੇ ਪੜ੍ਹੋ, ਤਾਂ ਜੋ ਤੁਹਾਡੀ ਗੁਰਬਾਣੀ ਪੜ੍ਹਨ ਵਾਲੀ ਥਾਂ ਉੱਚੀ ਹੋਵੇ।
੨. ਬਾਬਾ ਜੀ ਹਮੇਸ਼ਾ ਯਕੀਨੀ ਬਣਾਉਂਦੇ ਸਨ ਕਿ ਗੁਰਬਾਣੀ ਪੜ੍ਹਨ ਵਾਲਾ ਸੇਵਾਦਾਰ ਉਨ੍ਹਾਂ ਨਾਲੋਂ ਉੱਚੇ ਆਸਨ ਤੇ ਬੈਠੇ। ਜਾਂ ਮੰਜੇ ਦੇ ਸਿਰਹਾਣੇ ਵੱਲ ਜਿਸ ਪਾਸੇ ਬਾਬਾ ਜੀ ਦੇ ਪੈਰ ਨਾ ਹੋਣ;
੩. ਬਾਬਾ ਜੀ ਹਮੇਸ਼ਾ ਇਹ ਯਕੀਨੀ ਬਣਾਉਂਦੇ ਸਨ, ਸੌਣ ਵੇਲੇ ਉਨ੍ਹਾਂ ਦੇ ਪੈਰ ਉਸ ਪਾਸੇ ਨਾ ਹੋਣ ਜਿਸ ਪਾਸੇ ਗੁਟਕਾ ਸਾਹਿਬ ਜਾਂ ਸਿੱਖ ਮਹਾਨ ਹਸਤੀਆਂ ਦੀਆਂ ਤਸਵੀਰਾਂ ਹੋਣ।

ਬਾਬਾ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਜਦੋਂ ਉਨ੍ਹਾਂ ਕੋਲੋਂ ਕੋਈ ਮੰਗ ਕਰਦੇ ਤਾਂ ਉਹ ਕਹਿੰਦੇ ਗੁਰਬਾਣੀ ਪੜ੍ਹੋ ਤੇ ਨਾਮ ਜਪੋ। ਉਹ ਆਪ ਵੀ ਸਾਰੀ ਉਮਰ ਇਹੀ ਕੁਛ ਕਰਦੇ ਰਹੇ ਅਤੇ ਸਿਖਾਉਂਦੇ ਰਹੇ। ਜੇ ਤੁਸੀਂ ਬਾਬਾ ਠਾਕਰ ਸਿੰਘ ਜੀ ਦੇ ਜੀਵਨ ਬਾਰੇ ਅਸਲੀ ਜਾਣਕਾਰੀ ਦੇ ਚਾਹਵਾਨ ਹੋ ਤਾਂ ਮੈਂ ਆਪ ਜੀ ਨੂੰ ਸਲਾਹ ਦੇਵਾਂਗਾ ਕਿ ਇੱਕ ਦਿਨ ਚੁਪ ਰਹਿ ਕੇ ੨੪ ਘੰਟੇ ਬਾਣੀ ਪੜ੍ਹੋ ਤੇ ਸਿਮਰਨ ਕਰੋ। ਫੇਰ ਅਸੀਂ ਉਨ੍ਹਾਂ ਬਾਰੇ ਜਾਣੂ ਹੋਣ ਅਤੇ ਬਾਬਾ ਠਾਕੁਰ ਸਿੰਘ ਜੀ ਦੀ ਅਧਿਆਤਮਕ ਜਾਗ੍ਰਿਤੀ ਬਾਰੇ ਪਛਾਣ ਅਤੇ ਧਿਆਨ ਬਾਰੇ ਭਰਪੂਰ ਜਾਣਕਾਰੀ ਦੀ ਝਲਕ ਪ੍ਰਾਪਤ ਕਰ ਸਕਾਂਗੇ।

ਬਾਬਾ ਜੀ ਦੇ ਅਕਾਲ ਚਲਾਣੇ ਨੇ ਬਹੁਤ ਗੁਰਸਿਖਾਂ ਦੀ ਜ਼ਿੰਦਗੀ ਦਾ ਇਕ ਹਿੱਸਾ ਖਾਲੀ ਕਰ ਦਿੱਤਾ, ਉਹ ਘਾਟ ਤਾਂ ਉਨ੍ਹਾਂ ਦੇ ਬਚਨਾਂ ਅਨੁਸਾਰ ਦਿਨ ਰਾਤ ਨਾਮ ਜਪਣ ਨਾਲ ਪੂਰੀ ਹੋ ਸਕਦੀ ਹੈ। ਅਸੀਂ ਵੀ ਉਨ੍ਹਾਂ ਵਰਗੇ ਧਨੀ ਤਾਂਹੀ ਬਣ ਸਕਦੇ ਹਾਂ, ਜੇ ਅਸੀਂ ਉਨ੍ਹਾਂ ਵਾਂਗ ਹਰੇਕ ਸੁਆਸ ਨਾਲ ਗੁਰਸਿਖੀ ਜੀਵਨ ਬਤੀਤ ਕਰੀਏ।

## ਲੇਖਾਰੀ ਦੇ ਅੰਤਲੇ ਬੋਲ

ਧੰਨ ਸਤਿਗੁਰੂ ਸ੍ਰੀ ਗੁਰੁ ਨਾਨਕ ਦੇਵ ਸਾਹਿਬ ਜੀ ਦੀ ਲਗਾਈ ਹੋਈ ਸਿੱਖੀ-ਫੁਲਵਾੜੀ ਵਿੱਚ ਮੁੱਢ ਤੋਂ ਲੈ ਕੇ ਹੀਂ ਸਮੇਂ-ਸਮੇਂ ਬ੍ਰਹਮ ਗਿਆਨੀ ਮਹਾਂਪੁਰਖਾਂ ਰੂਪੀ ਫੁੱਲ ਟਹਿਕੇ ਜਿੰਨ੍ਹਾਂ ਨੇ ਸਾਰੇ ਸੰਸਾਰ ਅੰਦਰ ਨਾਮ-ਸਿਮਰਨ, ਭਾਉ-ਭਗਤੀ ਦੀ ਖੁਸ਼ਬੂ ਨੂੰ ਫੈਲਾਇਆ। ਐਸੇ-ਐਸੇ ਮਹਾਂਪੁਰਖ ਸਿੱਖ ਜਗਤ ਦਾ ਸ਼ਿੰਗਾਰ ਬਣੇ, ਜੋ ਕਿ ਆਪ ਭਾਉ-ਭਗਤੀ, ਵੈਰਾਗ, ਤਿਆਗ, ਪਰਉਪਕਾਰ, ਸਤਿ-ਧਰਮ, ਸਬਰ, ਸਿਦਕ, ਸੰਤੋਖ, ਸ਼ੁਕਰ, ਪ੍ਰਭੂ-ਪ੍ਰੇਮ ਇਤਿਆਦਕ ਅਨੇਕਾਂ ਹੀ ਸ਼ੁਭ ਗੁਣਾਂ ਦਾ ਮੁਜੱਸਮਾ ਬਣੇ ਅਤੇ ਇਹਨਾਂ ਹੀ ਗੁਣਾਂ ਦੀ ਸੁਗੰਧੀ ਸਮੁੱਚੇ ਸੰਸਾਰ ਵਿੱਚ ਬਖੇਰੀ। ਐਸੇ ਹੀ ਉੱਚੇ-ਸੁੱਚੇ, ਹਰ ਵਕਤ ਨਾਮ ਸਿਮਰਨ ਵਿੱਚ ਲੀਨ ਅਤੇ ਪਰਉਪਕਾਰੀ ਜੀਵਨ ਵਾਲੇ ਸਨ ਮਹਾਂਪੁਰਖ ਸੰਤ ਬਾਬਾ ਠਾਕੁਰ ਸਿੰਘ ਜੀ, ਜੋ ਕਿ ਦਸ਼ਮੇਸ਼ ਪਿਤਾ ਜੀ ਵੱਲੋਂ ਚਲਾਈ ਹੋਈ ਦਮਦਮੀ ਟਕਸਾਲ ਦੀ ਮੁਖ-ਸੇਵਾਦਾਰ ਵਜੋਂ ਸਮੁਚੀ ਕੌਮ ਅਤੇ ਮਨੁੱਖਤਾ ਦੀ ਸੇਵਾ ਕਰਦਿਆਂ ਹੋਇਆਂ ੨੪ ਦਸੰਬਰ ੨੦੦੪ ਨੂੰ ਕੱਕੜ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ ਸਨ।

ਬਾਬਾ ਜੀ ਦੇ ਅਕਾਲ ਚਲਾਣੇ ਨੂੰ ਸੱਤ ਸਾਲ ਬੀਤ ਚੁੱਕੇ ਹਨ, ਨਾ ਤਾਂ ਉਨ੍ਹਾਂ ਦੀ ਜੀਵਨੀ ਹੀ ਲਿਖੀ ਗਈ ਹੈ ਤੇ ਨਾ ਹੀ ਉਨ੍ਹਾਂ ਦੀ ਕੋਈ ਅਸਲੀ ਯਾਦਗਾਰ ਬਣਾਈ ਗਈ ਹੈ। ਸਗੋਂ ਮਹਿਤਾ ਵਿੱਚ ਅੱਜ ਦੇ ਰਖਵਾਲਿਆਂ ਨੇ, ਜਿੱਥੇ ਬਾਬਾ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ, ਉਸ ਥਾਂ ਤੇ ਟਕਸਾਲ ਬਾਰੇ ਬੋਰਡ ਲਗਾ ਦਿੱਤਾ ਹੈ। ਉਮੀਦ ਕਰਦੇ ਹਾਂ ਕਿ ਸੰਗਤ ਦੀ ਇੱਛਾ ਅਨੁਸਾਰ ਬਾਬਾ ਜੀ ਦੀ ਯਾਦਗਾਰ ਮਹਿਤੇ ਵਿਖੇ ਉਸਾਰੀ ਜਾਵੇਗੀ, ਅਤੇ ਮਹਿਤੇ ਦੇ ਪ੍ਰਬੰਧਕਾਂ ਦੇ ਚਰਨਾਂ ਵਿੱਚ ਬੇਨਤੀ ਕਰਦਾ ਹਾਂ ਕਿ ਸੰਗਤਾਂ ਦਾ ਇਹ ਸੁਪਨਾਂ ਪੂਰਾ ਕਰਨ।

ਬਾਬਾ ਜੀ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਅਤੇ ਕਾਫੀ ਭੰਡੀ ਪ੍ਰਚਾਰ ਵੀ ਹੋਇਆ ਹੈ, ਭਗਤ ਕਬੀਰ ਦੇ ਬਾਣੀ ਵਿੱਚ, ਗੁਰੂ ਮਹਾਰਾਜ ਸਾਨੂੰ ਸਿਖਿਆ ਦੇਂਦੇ ਹਨ:-

ਗਉੜੀ ॥

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕੁ ਧੋਇ ॥੧॥ ਨਿੰਦਾ ਕਰੈ ਸੁ ਹਮਰਾ ਮੀਤੁ ॥
ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥
ਨਿੰਦਾ ਹਮਰਾ ਕਰੈ ਉਧਾਰੁ ॥ ਜਨ ਕਬੀਰ ਕਉ ਨਿੰਦਾ ਸਾਰੁ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥
(੩੩੯)

ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥
(ਭਗਤ ਕਬੀਰ ਜੀ, ੭੯੩)



ਸਾਨੂੰ ਵਿਹਲੀਆਂ ਗੱਪਾਂ ਅਤੇ ਨਿੰਦਿਆ ਤੋਂ ਬਚਨਾ ਚਾਹੀਦਾ ਹੈ। ਕੀ ਅਸੀਂ ਅਧਿਆਤਮਕ ਪਖੋਂ ਇੰਨੇ ਪ੍ਰਪੱਕ ਹਾਂ, ਕਿ ਅਸੀਂ ਵਾਹਿਗੁਰੂ ਜਾਂ ਉਹਦੇ ਗੁਰਮੁਖਾਂ ਦੇ ਲੱਛਣਾ ਦਾ ਆਲੰਕਣ ਕਰ ਸਕੀਏ। ਸਾਡੇ ਲਈ ਚੰਗਾ ਹੋਵੇਗਾ ਕਿ ਅਸੀਂ ਇਨ੍ਹਾਂ ਮਸਲਿਆਂ ਤੇ ਚੁਪ ਹੀ ਰਹੀਏ ਤੇ ਪਾਪ ਦੇ ਭਾਗੀ ਨਾ ਬਣੀਏ, ਜਿਵੇਂ ਭਗਤ ਕਬੀਰ ਜੀ ਨੇ ਉਪਰ ਫੁਰਮਾਇਆ ਹੈ।

ਮਹਾਰਾਜ ਫੁਰਮਾਉਂਦੇ ਨੇ ਕਿ ਜਿਨ੍ਹਾਂ ਗੁਰਸਿਖਾਂ ਤੇ ਵਾਹਿਗੁਰੂ ਦੀ ਕ੍ਰਿਪਾ ਹੈ, ਉਹ ਤਾਂ ਪਾਪ ਅਤੇ ਪੁੰਨ ਤੋਂ ਦੂਰ ਹਨ।

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥

(ਸ੍ਰੀ ਗੁਰੂ ਨਾਨਕ ਦੇਵ ਜੀ, ਗਉੜੀ, ੪੯੩)

ਐਸੇ ਗੁਰਸਿੱਖ ਤੁਰੀਅਥਾਵਸਥਾ ਨੂੰ ਪ੍ਰਾਪਤ ਹੁੰਦੇ ਹਨ (ਜਿਸ ਨੂੰ ਗੁਰਮਤਿ ਵਿੱਚ ਚੌਥੀ ਅਵਸਥਾ ਕਹਿੰਦੇ ਹਨ, ਜੋ ਰਜੋ ਤਮੋ ਤੇ ਸਤੋ ਗੁਣ ਤੋਂ ਉੱਪਰ ਹੈ)। ਉਹ ਵਾਹਿਗੁਰੂ ਵਿੱਚ ਲੀਨ ਹੋ ਜਾਂਦੇ ਹਨ ਅਤੇ ਕਰਮ ਕਾਂਡਾਂ ਤੋਂ ਉਨ੍ਹਾਂ ਦਾ ਨਾਤਾ ਟੁੱਟ ਜਾਂਦਾ ਹੈ। ਮਹਾਰਾਜ ਕਹਿੰਦੇ ਹਨ:-

ਦੋਹਰਾ ॥

ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੯੦॥੫੩॥

(ਸ੍ਰੀ ਦਸਮ ਗ੍ਰੰਥ, ੧੩੯)

ਜਿਸ ਤਰ੍ਹਾਂ ਪ੍ਰਮਾਤਮਾ ਦੀ ਵਿਆਖਿਆ ਕਰਨੀ ਅਤੇ ਉਸ ਦੇ ਗੁਣਾਂ ਦੀ ਸਿਫ਼ਤ ਕਰਨੀ ਔਖੀ ਹੈ ਇਸੇ ਤਰ੍ਹਾਂ ਪ੍ਰਮਾਤਮਾ ਦੇ ਗੁਰਮੁਖਾਂ ਦੀ ਵਿਆਖਿਆ ਬਿਲਕੁਲ ਨਹੀਂ ਕੀਤੀ ਜਾ ਸਕਦੀ। ਬਾਬਾ ਜੀ ਬਾਰੇ ਜੋ ਵੀ ਲਿਖਿਆ ਗਿਆ ਹੈ ਉਹ ਉਹੀ ਹੈ ਜੋ ਅਸੀਂ ਦੇਖਿਆ। ਬਾਬਾ ਜੀ ਤਾਂ ਗੁਣਾਂ ਦੇ ਸਮੁੰਦਰ ਸਨ। ਇਹ ਜੋ ਦਾਸ ਨੇ ਬਾਬਾ ਜੀ ਦੀ ਜੀਵਨੀ ਲਿਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ, ਇਹ ਤਾਂ ਸਮੁੰਦਰ ਵਿਚੋਂ ਇੱਕ ਬੂੰਦ ਸਮਾਨ ਹੈ। ਭੁਲਾਂ ਚੁੱਕਾਂ ਦੀ ਮੁਆਫੀ ਬਖਸ਼ਣੀ ਜੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥



akaal publishers

ਘੜੀਐ ਸਬਦੁ ਸਚੀ ਟਕਸਾਲ ॥

ਦਮਦਮੀ ਟਕਸਾਲ